ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 31 ਜੁਲਾਈ 2026 (ਨਾਨਕਸ਼ਾਹੀ ਸੰਮਤ : ੫੫੮, ੧੬ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਬੇਅਦਬੀ ਕਾਨੂੰਨ ’ਤੇ ਪੰਜਾਬ ਸਰਕਾਰ ਦਾ ਜਵਾਬ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰੱਦ

# ਮੁੜ ਪੰਜਾਬ ਸਰਕਾਰ ਨੂੰ ਦਿੱਤਾ ਅਲਟੀਮੇਟਮ



**ਅੰਮ੍ਰਿਤਸਰ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਸਬੰਧੀ ਕਾਨੂੰਨ ਬਾਰੇ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸੌਂਪੇ ਗਏ ਜਵਾਬ ਬਾਰੇ ਕਿਹਾ ਕਿ ਸਰਕਾਰ ਦੇ ਜਵਾਬ ਤੋਂ ਇਹ ਸਪੱਸ਼ਟ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੀ ਗਈ ਭਾਵਨਾ ਅਨੁਸਾਰ ਕਾਨੂੰਨ ਵਿੱਚ ਵਧੇਰੀ ਸੋਧ ਕਰਨ ਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ 29 ਜੂਨ 2026 ਨੂੰ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੋ ਸਹਿਮਤੀ ਦੇ ਕੇ ਗਏ ਸਨ, ਸਰਕਾਰ ਦੇ ਜਵਾਬ ਵਿੱਚ ਉਸ ਦੀ ਭਾਵਨਾ ਪੂਰੀ ਨਹੀਂ ਹੁੰਦੀ। ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭੇਜੇ ਇਤਰਾਜ਼ਾਂ ਅਤੇ ਨੁਕਤਿਆਂ ਵਿੱਚੋਂ ਕੇਵਲ ਇੱਕ ਗੱਲ ਹੀ ਮੰਨੀ ਹੈ ਜਦਕਿ ਬਾਕੀਆਂ ਉੱਤੇ ਅਜੇ ਵੀ ਅੜੀਅਲ ਰਵੱਈਆ ਅਖਤਿਆਰ ਕੀਤਾ ਹੈ ਅਤੇ ਜਵਾਬ ਭੇਜਣ ਤੋਂ ਪਹਿਲਾਂ ਸਰਕਾਰ ਨੇ ਸਮੇਂ ਸਿਰ ਤਾਲਮੇਲ ਦਾ ਰਾਹ ਵੀ ਨਹੀਂ ਖੋਲ੍ਹਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਭੇਜਿਆ ਗਿਆ ਜਵਾਬ ਤਸੱਲੀਬਖਸ਼ ਨਹੀਂ ਹੈ, ਇਸ ਲਈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇਕਰ ਸਰਕਾਰ ਨੇ ਕਾਨੂੰਨ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਅਗਾਂਹ ਗੱਲ ਵਧਾਉਣੀ ਹੈ ਤਾਂ ਇਸ ਲਈ ਇੱਕ ਕਮੇਟੀ ਗਠਤ ਕੀਤੀ ਗਈ ਹੈ, ਜਿਸ ਵਿੱਚ ਜਸਟਿਸ (ਸੇਵਾਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾਮੁਕਤ) ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਪ੍ਰੋ. ਜਗਮੋਹਨ ਸਿੰਘ ਲੁਧਿਆਣਾ ਅਤੇ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਬ-ਦਫ਼ਤਰ ਵਿਖੇ ਸਕੱਤਰ ਲਖਵੀਰ ਸਿੰਘ ਕੋਆਰਡੀਨੇਟਰ ਵਜੋਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਕਮੇਟੀ ਨਾਲ ਰਾਬਤਾ ਕਾਇਮ ਕਰਕੇ ਕਾਨੂੰਨ ਸਬੰਧੀ ਸਹਿਮਤੀ ਬਣਾ ਲਵੇ ਅਤੇ ਇਹ ਕਾਰਜ ਦੋ ਮਹੀਨਿਆਂ ਦੇ ਵਿੱਚ-ਵਿੱਚ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੰਵਾਦ ਦਾ ਰਾਹ ਅਜੇ ਵੀ ਖੁੱਲ੍ਹਾ ਹੈ ਪਰ ਸਰਕਾਰ ਸਾਫ਼ ਨਿਯਤ ਨਾਲ ਅੱਗੇ ਵਧੇ ਨਾ ਕਿਸੇ ਤਰ੍ਹਾਂ ਦੀ ਚਲਾਕੀ ਵਰਤੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 29 ਜੂਨ 2026 ਨੂੰ ਜਦੋਂ ਸਮੂਹ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਏ ਸਨ ਉਦੋਂ ਉਨ੍ਹਾਂ ਨੂੰ ਸਿੱਖ ਭਾਵਨਾ ਦਾ ਮਸਲਾ ਗੰਭੀਰਤਾ ਨਾਲ ਸਮਝਾਇਆ ਗਿਆ ਸੀ ਅਤੇ ਉਨ੍ਹਾਂ ਨੇ ਚੁੱਕੇ ਗਏ ਇਤਰਾਜ਼ਾਂ ਨੂੰ ਦੂਰ ਕਰਨ ਲਈ ਅਰਦਾਸ ਉਪਰੰਤ ਪੰਜ ਜੈਕਾਰੇ ਲਗਾ ਕੇ ਬਾਹਾਂ ਖੜ੍ਹੀਆਂ ਕਰਕੇ ਸਹਿਮਤੀ ਦਿੱਤੀ ਸੀ।




## ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ 2026 ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 10 ਅਗਸਤ 2026 ਤੱਕ ਜਮ੍ਹਾ ਕਰਵਾ ਸਕਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 10 ਅਗਸਤ 2026 ਤੀਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿਚ ਭੇਜਣ। ਸ. ਕਾਹਲਵਾਂ ਨੇ ਜਾਣਕਾਰੀ ਦਿੱਤੀ ਕਿ ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਅਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਪਾਸਪੋਰਟ ਅਤੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਦੇਣ ਤਾਂ ਜੋ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਸਕੇ।

## ਦਿੱਲੀ ਸਰਕਾਰ ਦਾ ਵੱਡਾ ਫੈਸਲਾ ! ਪ੍ਰਦਰਸ਼ਨਕਾਰੀਆਂ ’ਤੇ ਨਹੀਂ ਹੋਵੇਗੀ ਕੋਈ ਕਾਨੂੰਨੀ ਕਾਰਵਾਈ, ਵਾਪਸ ਲਏ ਜਾਣਗੇ ਕੇਸ !




**ਨਵੀਂ ਦਿੱਲੀ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਇੱਕ ਵੱਡੀ ਰਾਹਤ ਦਿੰਦੇ ਹੋਏ, ਦਿੱਲੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਵਿਰੁੱਧ ਕੋਈ ਵੀ ਪ੍ਰਤੀਕੂਲ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ ਨੂੰ ਬੰਦ ਮੰਨਿਆ ਜਾਵੇਗਾ ਅਤੇ ਭਵਿੱਖ ਵਿੱਚ ਇਨ੍ਹਾਂ ਆਧਾਰਾਂ ’ਤੇ ਕੋਈ ਨਵੀਂ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ। ਹਾਲਾਂਕਿ, ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਰਾਹਤ ਅਪਰਾਧਿਕ ਰਿਕਾਰਡ ਵਾਲੇ ਵਿਅਕਤੀਆਂ ’ਤੇ ਲਾਗੂ ਨਹੀਂ ਹੋਵੇਗੀ; ਅਜਿਹੇ ਮਾਮਲਿਆਂ ਵਿੱਚ, ਭਾਰਤ ਦੀ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸਰਕਾਰ ਨੇ ਅੱਗੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਵਿਰੋਧ ਪ੍ਰਦਰਸ਼ਨਾਂ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ ਜਾਂ ਹਿਰਾਸਤ ਵਿੱਚ ਲਿਆ ਗਿਆ ਸੀ, ਤਾਂ ਉਨ੍ਹਾਂ ਦੇ ਮਾਮਲੇ ਦੀ ਸਮੀਖਿਆ ਕੀਤੀ ਜਾਵੇਗੀ, ਅਤੇ ਜੇਕਰ ਉਹ ਯੋਗ ਪਾਏ ਗਏ ਤਾਂ ਉਨ੍ਹਾਂ ਦੀ ਰਿਹਾਈ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕੀਤੀ ਜਾਵੇਗੀ। ਦਿੱਲੀ ਸਰਕਾਰ ਦੇ ਅਨੁਸਾਰ, ਭਾਗੀਦਾਰਾਂ ਵਿਰੁੱਧ ਕੋਈ ਹੋਰ ਪ੍ਰਤੀਕੂਲ ਕਾਰਵਾਈ ਕਰਨ ਦਾ ਕੋਈ ਇਰਾਦਾ ਨਹੀਂ ਹੈ, ਅਤੇ ਪੂਰੇ ਮਾਮਲੇ ਨੂੰ ਬੰਦ ਮੰਨਿਆ ਜਾਵੇਗਾ।

## ਪੰਜਾਬ ਪੁਲਸ ਵੱਲੋਂ ਯੂਥ ਕਾਂਗਰਸ ਪ੍ਰਧਾਨ ਖ਼ਿਲਾਫ਼ ਪਰਚਾ ਦਰਜ ! 0ਲੁੱਕ ਆਊਟ ਸਰਕੂਲਰ’ ਨੋਟਿਸ ਜਾਰੀ




**ਚੰਡੀਗੜ੍ਹ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਲਕਾ ਪਾਇਲ ਯੂਥ ਕਾਂਗਰਸ ਦੇ ਬਲਾਕ ਪ੍ਰਧਾਨ ਗੁਰਨਾਜ ਸਿੰਘ ਜੀਰਖ ਖ਼ਿਲਾਫ਼ ਥਾਣਾ ਮਲੌਦ ਵਿਖੇ ਧਾਰਾ 115 (2) 126 (2) 361 (2) 3( 5) ਅਧੀਨ ਪਰਚਾ ਦਰਜ ਕੀਤਾ ਗਿਆ ਹੈ। ਤਫਤੀਸ਼ੀ ਅਫ਼ਸਰ ਚੌਕੀ ਇੰਚਾਰਜ ਸਿਆੜ ਹਰਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਰਨਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਜੀਰਖ ਨੇ ਆਪਣੇ ਬਿਆਨ ਦਰਜ ਕਰਵਾਉਦਿਆਂ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸੈਰ ਕਰਨ ਜਾ ਰਿਹਾ ਸੀ, ਉਸੇ ਸਮੇਂ ਗੁਰਨਾਜ ਸਿੰਘ ਅਤੇ ਦੋ ਹੋਰ ਅਣਪਛਾਤੇ ਵਿਆਕਤੀ ਜੋ ਮੋਟਰਸਾਇਕਲ ’ਤੇ ਸਵਾਰ ਸਨ। ਗੁਰਨਾਜ਼ ਸਿੰਘ ਕੋਲ ਲੋਹੇ ਦਾ ਦਾਹ ਅਤੇ ਦੂਜਿਆਂ ਕੋਲ ਲੋਹੇ ਦੀਆਂ ਰਾਡਾਂ ਸਨ, ਜਿੰਨ੍ਹਾਂ ਨੇ ਆਉਦਿਆਂ ਹੀਂ ਕਿਰਨਜੀਤ ’ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਜ਼ਿਕਰਯੋਗ ਹੈ ਕਿ ਕਿਰਨਜੀਤ ਸਿੰਘ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਬਲਾਕ ਮਲੌਦ ਦਾ ਅਹੁਦੇਦਾਰ ਵੀ ਹੈ। ਉਸੇ ਸਮੇਂ ਕਿਰਨਜੀਤ ਸਿੰਘ ਨੂੰ ਪਹਿਲਾਂ ਸਿਵਲ ਹਸਪਤਾਲ ਮਲੌਦ ਅਤੇ ਫਿਰ ਸਿਵਲ ਹਸਪਤਾਲ ਲੁਧਿਆਣਾ ਰੈਫਰ ਕਰ ਦਿਤਾ। ਭਾਵੇਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵਲੋਂ ਜਦੋਂ ਕਾਰਵਾਈ ਕਰਨ ਲਈ ਮਲੌਦ ਥਾਣੇ ਅੱਗੇ ਧਰਨਾ ਲਾਉਣ ਦੀ ਕਾਲ ਦਿੱਤੀ ਗਈ ,ਰ ਉਸ ਤੋਂ ਪਹਿਲਾਂ ਹੀ ਮਲੌਦ ਪੁਲਸ ਵੱਲੋਂ ਯੂਥ ਕਾਂਗਰਸੀ ਆਗੂ ਉੱਪਰ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਗਈ। ਥਾਣਾ ਮੁਖੀ ਸਤਨਾਮ ਸਿੰਘ ਦਾ ਕਹਿਣਾ ਹੈ ਕਿ ਦੋਸ਼ੀ ਭਾਵੇਂ ਕੋਈ ਵੀ ਰੁਤਬਾ ਰੱਖਦਾ ਹੋਵੇ,ਕਾਨੂੰਨ ਅਨੁਸਾਰ ਬਿਨਾਂ ਕਿਸੇ ਦੇਰੀ ਤੋਂ ਕਾਰਵਾਈ ਕੀਤੀ ਜਾਵੇਗੀ। ਡਾਕਟਰਾਂ ਵੱਲੋਂ ਐਕਸ-ਰੇ ਦੀ ਰਿਪੋਰਟ ਆਉਣ ’ਤੇ ਧਾਰਾ ਵਿਚ ਵਾਧਾ ਵੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕਥਿਤ ਦੋਸ਼ੀ ਖ਼ਿਲਾਫ਼ ’ਲੁੱਕ ਆਊਟ ਸਰਕੂਲਰ’ ਨੋਟਿਸ ਵੀ ਜਾਰੀ ਕਰਵਾਇਆ ਜਾ ਰਿਹਾ ਹੈ ਤਾਂ ਕਿ ਉਹ ਵਿਦੇਸ਼ ਭੱਜਣ ਵਿਚ ਕਾਮਯਾਬ ਨਾ ਹੋ ਸਕੇ।

## ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦੇਹਾਂਤ ਦੇ 2 ਸਾਲ ਬਾਅਦ ਮਿਲੀ ਕਲੀਨਚਿੱਟ, ਸੁਪਰੀਮ ਕੋਰਟ ਨੇ ਬੰਦ ਕੀਤਾ ਕੇਸ



**ਨਵੀਂ ਦਿੱਲੀ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਮੌਤ ਤੋਂ ਲਗਭਗ ਦੋ ਸਾਲ ਬਾਅਦ, ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਤਾਲਾਬੀਰਾ-99 ਕੋਲਾ ਬਲਾਕ ਵੰਡ ਮਾਮਲੇ ਵਿੱਚ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾਉਂਦਿਆਂ 2015 ਦੇ ਵਿਸ਼ੇਸ਼ ਸੀਬੀਆਈ ਅਦਾਲਤ ਦੇ ਹੁਕਮ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਸਿੰਘ ਅਤੇ ਪੰਜ ਹੋਰਾਂ ਨੂੰ ਮੁਕੱਦਮੇ ਲਈ ਤਲਬ ਕੀਤਾ ਗਿਆ ਸੀ। ਇਸ ਫੈਸਲੇ ਨਾਲ 11 ਸਾਲਾਂ ਦੀ ਕਾਨੂੰਨੀ ਲੜਾਈ ਦਾ ਅੰਤ ਹੋ ਗਿਆ ਹੈ, ਜੋ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਸੀਬੀਆਈ ਦੇ ਇਸ ਫੈਸਲੇ ਨੂੰ ਰੱਦ ਕਰਨ ਤੋਂ ਬਾਅਦ ਸ਼ੁਰੂ ਹੋਈ ਸੀ ਕਿ ਸਾਬਕਾ ਪ੍ਰਧਾਨ ਮੰਤਰੀ ’ਤੇ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਨਹੀਂ ਹਨ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਸੀਬੀਆਈ ਦੀਆਂ ਕਲੋਜ਼ਰ ਰਿਪੋਰਟਾਂ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਵਿਸ਼ੇਸ਼ ਜੱਜ ਕੋਲ ਉਨ੍ਹਾਂ ਨੂੰ ਰੱਦ ਕਰਨ ਦਾ ਕੋਈ ਜਾਇਜ਼ ਕਾਰਨ ਨਹੀਂ ਹੈ। ਅਦਾਲਤ ਨੇ ਨੋਟ ਕੀਤਾ ਕਿ ਸੀਬੀਆਈ ਨੇ ਇੱਕ ਵਿਸਤ੍ਰਿਤ ਜਾਂਚ ਕੀਤੀ ਸੀ ਅਤੇ ਦੋ ਵਾਰ ਇਹ ਸਿੱਟਾ ਕੱਢਿਆ ਸੀ ਕਿ ਕੋਈ ਅਪਰਾਧਿਕ ਮਾਮਲਾ ਨਹੀਂ ਬਣਿਆ। ਇਸ ਫੈਸਲੇ ਦੇ ਨਾਲ, ਸੁਪਰੀਮ ਕੋਰਟ ਨੇ ਵਿਸ਼ੇਸ਼ ਸੀਬੀਆਈ ਅਦਾਲਤ ਦੇ 11 ਮਾਰਚ, 2015 ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ, ਕਲੋਜ਼ਰ ਰਿਪੋਰਟਾਂ ਨੂੰ ਸਵੀਕਾਰ ਕਰ ਲਿਆ ਹੈ, ਅਤੇ ਅਧਿਕਾਰਤ ਤੌਰ ’ਤੇ ਕੇਸ ਬੰਦ ਕਰ ਦਿੱਤਾ ਹੈ। ਇਹ ਮਾਮਲਾ 2005 ਵਿੱਚ ਓਡੀਸ਼ਾ ਵਿੱਚ ਤਾਲਾਬੀਰਾ-2 ਕੋਲਾ ਬਲਾਕ ਦੀ ਵੰਡ ਨਾਲ ਜੁੜਿਆ ਹੋਇਆ ਸੀ, ਜਦੋਂ ਡਾ. ਮਨਮੋਹਨ ਸਿੰਘ ਵੀ ਕੋਲਾ ਮੰਤਰੀ ਵਜੋਂ ਸੇਵਾ ਨਿਭਾ ਰਹੇ ਸਨ। ਹਾਲਾਂਕਿ ਸੀਬੀਆਈ ਨੂੰ ਉਨ੍ਹਾਂ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ, ਪਰ ਵਿਸ਼ੇਸ਼ ਸੀਬੀਆਈ ਅਦਾਲਤ ਨੇ ਸਿੰਘ ਅਤੇ ਪੰਜ ਹੋਰਾਂ ਨੂੰ ਅਪਰਾਧਿਕ ਸਾਜ਼ਿਸ਼ ਅਤੇ ਵਿਸ਼ਵਾਸਘਾਤ ਸਮੇਤ ਦੋਸ਼ਾਂ ਵਿੱਚ ਤਲਬ ਕੀਤਾ ਸੀ। ਵਿਸ਼ੇਸ਼ ਅਦਾਲਤ ਦੇ ਹੁਕਮ ਤੋਂ ਤੁਰੰਤ ਬਾਅਦ, ਸੁਪਰੀਮ ਕੋਰਟ ਨੇ 1 ਅਪ੍ਰੈਲ, 2015 ਨੂੰ ਮੁਕੱਦਮੇ ਦੀ ਕਾਰਵਾਈ ’ਤੇ ਰੋਕ ਲਗਾ ਦਿੱਤੀ ਸੀ। ਇਹ ਰੋਕ ਉਦੋਂ ਤੱਕ ਲਾਗੂ ਰਹੀ ਜਦੋਂ ਤੱਕ ਸੁਪਰੀਮ ਕੋਰਟ ਨੇ ਮਾਮਲੇ ਦੀ ਜਾਂਚ ਨਹੀਂ ਕੀਤੀ, ਜਿਸ ਨਾਲ ਬੁੱਧਵਾਰ ਨੂੰ ਅੰਤਿਮ ਫੈਸਲਾ ਸੁਣਾਇਆ ਗਿਆ। ਇਹ ਫੈਸਲਾ ਨਾ ਸਿਰਫ਼ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਡਾ. ਮਨਮੋਹਨ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰਦਾ ਹੈ, ਸਗੋਂ ਇਸ ਲਈ ਵੀ ਹੈ ਕਿਉਂਕਿ ਇਹ ਕੋਲਾ ਬਲਾਕ ਵੰਡ ਵਿਵਾਦ ਨਾਲ ਜੁੜੇ ਆਖਰੀ ਬਾਕੀ ਰਹਿੰਦੇ ਅਪਰਾਧਿਕ ਮਾਮਲਿਆਂ ਵਿੱਚੋਂ ਇੱਕ ਨੂੰ ਬੰਦ ਕਰਦਾ ਹੈ, ਜੋ ਕਿ ਯੂਪੀਏ ਸਰਕਾਰ ਦੇ ਕਾਰਜਕਾਲ ਦੌਰਾਨ ਇੱਕ ਵੱਡਾ ਰਾਜਨੀਤਿਕ ਮੁੱਦਾ ਬਣ ਗਿਆ ਸੀ।

## ਸੁਪਰੀਮ ਕੋਰਟ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜਾਰੀ ਕੀਤਾ ਨੋਟਿਸ



**ਨਵੀਂ ਦਿੱਲੀ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਵੀਰਵਾਰ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਉਸ ਪਟੀਸ਼ਨ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ 2020 ਦੇ ਬਿਜਲੀ ਦਰਾਂ ਵਿੱਚ ਵਾਧੇ ਖ਼ਿਲਾਫ਼ ਹੋਏ ਪ੍ਰਦਰਸ਼ਨ ਦੌਰਾਨ ਦਰਜ ਐੱਫਆਈਆਰ ਨੂੰ ਰੱਦ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਭਾਰਤ ਦੇ ਮੁੱਖ ਨਿਆਂਧੀਸ਼ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਚੰਡੀਗੜ੍ਹ ਪ੍ਰਸ਼ਾਸਨ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਭਗਵੰਤ ਮਾਨ ਸਮੇਤ ਆਮ ਆਦਮੀ ਪਾਰਟੀ ਦੇ ਆਗੂ ਅਮਨ ਅਰੋੜਾ ਤੋਂ ਜਵਾਬ ਤਲਬ ਕੀਤਾ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੇਸ਼ ਹੋਏ ਐਡੀਸ਼ਨਲ ਸੋਲਿਸਿਟਰ ਜਨਰਲ ਐਸ.ਵੀ. ਰਾਜੂ ਨੇ ਦਲੀਲ ਦਿੱਤੀ ਕਿ ਹਾਈ ਕੋਰਟ ਨੇ ਐੱਫਆਈਆਰ ਰੱਦ ਕਰਕੇ ਗਲਤੀ ਕੀਤੀ, ਕਿਉਂਕਿ ਰਿਕਾਰਡ ’ਤੇ ਮੌਜੂਦ ਦੋਸ਼ਾਂ ਤੋਂ ਪਹਿਲੀ ਨਜ਼ਰ ਵਿੱਚ ਗੈਰ-ਕਾਨੂੰਨੀ ਇਕੱਠ, ਹਿੰਸਾ ਅਤੇ ਪੁਲਿਸ ਮੁਲਾਜ਼ਮਾਂ ਨੂੰ ਸੱਟਾਂ ਲੱਗਣ ਵਰਗੇ ਅਪਰਾਧ ਬਣਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹਾਈ ਕੋਰਟ ਦਾ ਇਹ ਕਹਿਣਾ ਕਿ ਧਾਰਾ 144 ਲਾਗੂ ਨਾ ਹੋਣ ਕਾਰਨ ਗੈਰ-ਕਾਨੂੰਨੀ ਇਕੱਠ ਨਹੀਂ ਬਣ ਸਕਦਾ, ਕਾਨੂੰਨੀ ਤੌਰ ’ਤੇ ਸਹੀ ਨਹੀਂ ਹੈ। ਇਹ ਮਾਮਲਾ 2020 ਵਿੱਚ ਬਿਜਲੀ ਦਰਾਂ ਵਿੱਚ ਵਾਧੇ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਵੱਲੋਂ ਕੱਢੇ ਗਏ ਰੋਸ ਮਾਰਚ ਨਾਲ ਸਬੰਧਿਤ ਹੈ। ਪ੍ਰੋਸਿਕਿਊਸ਼ਨ ਦੇ ਮੁਤਾਬਕ ਪ੍ਰਦਰਸ਼ਨ ਦੌਰਾਨ ਹਿੰਸਾ ਹੋਈ ਸੀ ਅਤੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਸਨ, ਜਿਸ ਤੋਂ ਬਾਅਦ ਦੰਗਾ ਕਰਨ ਅਤੇ ਗੈਰ-ਕਾਨੂੰਨੀ ਇਕੱਠ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਐੱਫਆਈਆਰ ਦਰਜ ਕੀਤੀ ਗਈ ਸੀ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਗਵੰਤ ਮਾਨ ਅਤੇ ਹੋਰ ਮੁਲਜ਼ਮਾਂ ਖ਼ਿਲਾਫ਼ ਦਰਜ ਐੱਫਆਈਆਰ ਰੱਦ ਕਰ ਦਿੱਤੀ ਸੀ, ਜਿਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਦੀ ਪਹਿਲਾਂ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਮੌਖਿਕ ਤੌਰ ’ਤੇ ਕਿਹਾ ਸੀ ਕਿ ਸਿਰਫ਼ “ਨਾਅਰੇਬਾਜ਼ੀ” ਕਰਨਾ ਸਿਆਸਤਦਾਨਾਂ ਲਈ ਆਮ ਗੱਲ ਹੈ। ਅਦਾਲਤ ਨੇ ਇਹ ਵੀ ਟਿੱਪਣੀ ਕੀਤੀ ਸੀ ਕਿ ਅਮਨ ਅਰੋੜਾ ਵੱਲੋਂ ਹਿੰਸਾ ਲਈ ਉਕਸਾਉਣ ਦਾ ਕੋਈ ਸਪੱਸ਼ਟ ਦੋਸ਼ ਰਿਕਾਰਡ ’ਤੇ ਨਹੀਂ ਹੈ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

## 21, 22 ਅਤੇ 23 ਅਗਸਤ

- ☛ ਪੁਰਾਤਨ ਮਰਿਯਾਦਾ ਅਨੁਸਾਰ 25 ਸਿੰਘ ਲਾ ਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਹੋਵੇਗੀ
- ☛ ਸਲਾਨਾ ਬਰਸੀ ਸੱਚਖੰਡ ਵਾਸੀ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼ੁੱਕਰਵਾਰ 21 ਅਗਸਤ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ, ਸ਼ਨਿੱਚਰਵਾਰ 22 ਅਗਸਤ ਸ਼ਾਮ 5 ਤੋਂ ਸਾਢੇ 8 ਵਜੇ ਤੱਕ ਦੀਵਾਨ ਸਜਣਗੇ

ਐਤਵਾਰ 23 ਅਗਸਤ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ, ਕੀਰਤਨੀ ਜਥਾ,ਕਵੀਸ਼ਰੀ ਤੇ ਢਾਡੀ ਸਿੰਘ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਦੋ ਸਾਲ ਪਹਿਲਾਂ ਦਿਹਾਂਤ ਹੋਏ ਆਗੂ ਦਾ ਨਾਮ ਵੀ ਐਫਆਈਆਰ ਵਿੱਚ, ਚੰਡੀਗੜ੍ਹ ਪੁਲਿਸ ਦੀ ਕਾਰਵਾਈ 'ਤੇ ਉੱਠੇ ਸਵਾਲ

**ਚੰਡੀਗੜ੍ਹ:** ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਚੰਡੀਗੜ੍ਹ ਪੁਲਿਸ ਵੱਲੋਂ ਦਰਜ ਕੀਤੀ ਗਈ ਐਫਆਈਆਰ ਨੂੰ ਲੈ ਕੇ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਐਫਆਈਆਰ ਵਿੱਚ ਸਾਬਕਾ ਵਿਧਾਇਕ ਅਜਾਇਬ ਸਿੰਘ ਮੁਖਮੈਲਪੁਰ ਦਾ ਨਾਮ ਵੀ ਸ਼ਾਮਲ ਕੀਤਾ ਗਿਆ ਹੈ, ਜਦਕਿ ਉਨ੍ਹਾਂ ਦਾ ਦਿਹਾਂਤ ਕਰੀਬ ਦੋ ਸਾਲ ਪਹਿਲਾਂ ਹੋ ਚੁੱਕਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਦਾਅਵੇ ਦੇ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਦੀ ਕਾਰਵਾਈ 'ਤੇ ਕਈ ਸਵਾਲ ਉੱਠ ਰਹੇ ਹਨ। ਜੇਕਰ ਐਫਆਈਆਰ ਵਿੱਚ ਮਰਹੂਮ ਵਿਅਕਤੀ ਦਾ ਨਾਮ ਦਰਜ ਹੋਇਆ ਹੈ, ਤਾਂ ਇਹ ਜਾਂਚ ਪ੍ਰਕਿਰਿਆ ਅਤੇ ਰਿਕਾਰਡ ਦੀ ਸ਼ੁੱਧਤਾ ਸਬੰਧੀ ਗੰਭੀਰ ਮੁੱਦਾ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਇਸ ਮਾਮਲੇ ਵਿੱਚ ਚੰਡੀਗੜ੍ਹ ਪੁਲਿਸ ਵੱਲੋਂ ਅਜੇ ਤੱਕ ਕੋਈ ਅਧਿਕਾਰਕ ਸਪੱਸ਼ਟੀਕਰਨ ਸਾਹਮਣੇ ਨਹੀਂ ਆਇਆ।

ਜ਼ਿਕਰਯੋਗ ਹੈ ਕਿ ਇਸ ਐਫਆਈਆਰ ਵਿੱਚ ਮਨਪ੍ਰੀਤ ਸਿੰਘ ਇਆਲੀ, ਸਤਿੰਦਰਜੀਤ ਸਿੰਘ ਗਿੱਲ, ਕਾਬਲ ਸਿੰਘ ਭੁੱਲਰ, ਜਗਦੀਪ ਸਿੰਘ ਕੰਸਾਲਾ, ਇਕਬਾਲ ਸਿੰਘ ਸੰਧੂ, ਪਰਮਜੀਤ ਸਿੰਘ ਜੋਹਲ, ਚਮਕੌਰ ਸਿੰਘ ਧੂੰਨ, ਈਮਾਨ ਸਿੰਘ ਖਾਰਾ (ਐਡਵੋਕੇਟ), ਜਸਵਿੰਦਰ ਸਿੰਘ ਡਰੋਲੀ, ਇਕਬਾਲ ਸਿੰਘ ਝੂੰਦਾ, ਕਰਨੈਲ ਸਿੰਘ ਪੰਜੋਲੀ, ਲੱਖਾ ਸਿਧਾਣਾ, ਭਾਨਾ ਸਿੱਧੂ ਅਤੇ ਲਖਵੀਰ ਸਿੰਘ ਲੱਖਾ ਸਮੇਤ ਹੋਰ ਆਗੂਆਂ ਦੇ ਨਾਮ ਵੀ ਸ਼ਾਮਲ ਹੋਣ ਦੀ ਗੱਲ ਕਹੀ ਜਾ ਰਹੀ ਹੈ।

ਹੁਣ ਸਭ ਦੀ ਨਜ਼ਰ ਚੰਡੀਗੜ੍ਹ ਪੁਲਿਸ ਦੇ ਸਪੱਸ਼ਟੀਕਰਨ 'ਤੇ ਟਿਕੀ ਹੋਈ ਹੈ ਕਿ ਐਫਆਈਆਰ ਵਿੱਚ ਮਰਹੂਮ ਵਿਅਕਤੀ ਦਾ ਨਾਮ ਕਿਸ ਕਾਰਨ ਦਰਜ ਹੋਇਆ ਅਤੇ ਕੀ ਇਸ ਵਿੱਚ ਕੋਈ ਤਕਨੀਕੀ ਜਾਂ ਪ੍ਰਸ਼ਾਸਕੀ ਗਲਤੀ ਹੋਈ ਹੈ।

ਆਵਾਜ਼ਿ ਕੌਮ AWAZE QAUM International Newspaper
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
+447458381111 +447976210161 +919729091243

ਪਵਿੱਤਰ ਸ਼ਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਆਵਾਜ਼ਿ ਕੌਮ AWAZE QAUM TV
ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

☛ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਗੁਰਪ੍ਰਤਾਪ ਸਿੰਘ ਪਦਮ ਢਾਡੀ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

**ਸ਼ਨਿੱਚਰਵਾਰ 1 ਅਗਸਤ ਸ਼ਾਮ 5 ਤੋਂ ਸਾਢੇ 8 ਵਜੇ ਤੱਕ ਦੀਵਾਨ ਸੱਜਣਗੇ।**

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778



ਆਵਾਜ਼ਿ ਕੌਮ
AWAZE QAUM
International Newspaper & WEB TV
Gurmat
KATHA SAMAGAM
GIANI RAJPAL SINGH JI BOPARAI
Kathavachak
Gurdwara Shaheedan Baba Nihal Singh Ji, Talhan Sahib Wale
Whatsapp: +91 9478897960
27 JULY TO 2 AUG 2026
DAILY : 6:00 AM TO 6:45 AM
6:00 PM TO 7.00 PM
SUNDAY 2 AUG 2026
11:40 AM TO 12: 45 AM
VENUE:
GURU NANAK GURDWARA, WALSALL, ENGLAND
162 W Bromwich St, Walsall WS1 4DE



# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| OFFICE OF DEPUTY COMMISSIONER, AMRITSAR | | ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ |
|---|---|---|
| (PA BRANCH) | GOVT. PUNJAB | (ਪੀ.ਏ ਸ਼ਾਖਾ) |
| *Email:-dc.asr@punjab.gov.in* | | *Phone no:- 0183-2223551 (Office), 0183-2226262 (Camp Office)* |

ਸੇਵਾ ਵਿਖੇ,

ਇੰਚਾਰਜ, ਸਕੱਤਰੇਤ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਨੰਬਰ:ਪੀ.ਏ./3574 ਮਿਤੀ: 29.07.2026

**ਵਿਸ਼ਾ: ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਵਿੱਚ ਲੋੜੀਂਦੀਆਂ ਸੋਧਾਂ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਦੇ ਆਦੇਸ਼ਾਂ ਮੁਤਾਬਕ ਪੰਜਾਬ ਸਰਕਾਰ, ਗ੍ਰਹਿ ਮਾਮਲੇ ਵਿਭਾਗ (ਗ੍ਰਹਿ-6 ਸ਼ਾਖਾ) ਵੱਲੋਂ ਪ੍ਰਾਪਤ ਪੱਤਰ ਮੀਮੋ ਨੰ: HOME-HM-60-AMND(IPC)/3/2024-1H6-PART(2)/63 ਮਿਤੀ: 28.07.26 (ਕਾਪੀ ਨੱਥੀ) ਆਪ ਜੀ ਨੂੰ ਪੇਸ਼ ਕੀਤਾ ਜਾਂਦਾ ਹੈ ਜੀ।

ਨੱਥੀ: ਉਕੱਤ ਅਨੁਸਾਰ।

ਡਿਪਟੀ ਕਮਿਸ਼ਨਰ,
ਅੰਮ੍ਰਿਤਸਰ।

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

**Response regarding objections concerning Jaagat Jot SGGS (Amendment) Act, 2026 (in annotated form)**

| ਸੀਰੀਅਲ ਨੰਬਰ | ਇਤਰਾਜ਼ | ਜਵਾਬ |
|---|---|---|
| 1. | 2008 ਦੇ ਪੰਜਾਬ ਐਕਟ ਨੰਬਰ 21 ਵਿਚ ਲਫ਼ਜ਼ ਬੀੜ ਅਤੇ ਬੀੜਾਂ ਨੂੰ ਬਦਲਣ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਐਕਟ ਅਤੇ ਰੂਲਾਂ ਅਧੀਨ ਸ੍ਰੀ ਬੀੜ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਸੱਚਖੰਡ ਅਸਥਾਨ, ਸੁਖਆਸਨ ਆਦਿ ਸਤਿਕਾਰਤ ਸ਼ਬਦਾਂ ਦੀ ਵਰਤੋਂ ਤੇ ਕੋਈ ਰੋਕ ਨਹੀਂ ਲਗਾਈ ਗਈ ਹੈ।<br><br>ਇਥੇ ਮੰਨਣਯੋਗ ਹੈ ਕਿ ਸਿੱਖ ਰਹਿਤ ਮਰਿਯਾਦਾ ਅਨੁਸਾਰ ਮੁੱਢਲੇ ਅਸੂਲਾਂ ਦੀ ਪੁਸ਼ਟੀ ਨੂੰ ਗੁਰਮਤੇ ਰਾਹੀਂ ਗੁਰੂ ਪੰਥ ਦਾ ਚੁਣਿਆ ਕੇਵਲ ਸ਼੍ਰੋਮਣੀ ਜੱਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇੱਕਠ ਹੀ ਕਰ ਸਕਦਾ ਹੈ।<br><br>ਬੀੜ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੋਨੋਂ ਹੀ ਸਤਿਕਾਰਿਤ ਸ਼ਬਦ ਹਨ। ਇਸ ਸਬੰਧੀ ਐਕਟ ਵਿੱਚ ਲੋੜੀਂਦੀ ਸੋਧ ਵਿਧਾਨ ਸਭਾ ਰਾਹੀਂ ਅਮਲ ਵਿੱਚ ਲਿਆਂਦੀ ਜਾਵੇਗੀ।<br><br>ਸਿੱਖ ਪੰਥ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅਤੇ ਸ੍ਰੀ ਅਕਾਲ ਤਖਤ ਸਾਹਿਬ ਦੁਆਰਾ ਪ੍ਰਮਾਣਿਤ ਕਿਸੇ ਵੀ ਧਾਰਮਿਕ ਅਤੇ ਸਤਿਕਾਰਯੋਗ ਸ਼ਬਦ ਦੀ ਵਰਤੋਂ ਕਰਨ ਤੇ ਇਹ ਐਕਟ ਅਤੇ ਰੂਲ ਕਿਸੇ ਪ੍ਰਕਾਰ ਦੀ ਬੰਦਿਸ਼ ਜਾਂ ਰੋਕ ਨਹੀਂ ਲਗਾਉਂਦੇ। |
| 2. | 2008 ਦੇ ਪੰਜਾਬ ਐਕਟ ਨੰਬਰ 21 ਦੀ ਧਾਰਾ 2(1) (aa) – "ਕਸਟੋਡੀਅਨ" ਦੀ ਪਰਿਭਾਸ਼ਾ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ "ਕਸਟੋਡੀਅਨ" ਸ਼ਬਦ ਐਕਟ ਦੀ ਧਾਰਾ 2(1)(aa) 'ਤੇ ਦਰਜ ਹੈ, ਜਿਸ ਮੁਤਾਬਿਕ "ਕਸਟੋਡੀਅਨ" ਕੋਈ ਵਿਅਕਤੀ ਵਿਸ਼ੇਸ਼, ਸੰਸਥਾ ਜਾਂ ਗੁਰਦੁਆਰਾ ਕਮੇਟੀ ਹੋ ਸਕਦੇ ਹਨ ਜਿਸ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ: -<br>• ਸੌਂਪੇ ਗਏ ਹਨ ਜਾਂ<br>• ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਸੁਰੱਖਿਆ ਲਈ ਜਿੰਮੇਵਾਰ ਹਨ ਅਤੇ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਅਮਲ ਵਿੱਚ ਲਿਆਉਂਦੇ ਹਨ। |



# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਮੌਜੂਦਾ ਸੋਧ ਦੀ ਪੁਸ਼ਟੀ ਹੋਣ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਮੁਤਾਬਿਕ ਸੋਧ ਵਿਧਾਨ ਸਭਾ ਰਾਹੀਂ ਅਮਲ ਵਿੱਚ ਲਿਆਂਦੀ ਜਾਵੇਗੀ।

ਧਾਰਾ 2(1) (aa) ਦੇ ਅਧੀਨ "ਕਸਟੋਡੀਅਨ" ਨੂੰ ਪਰਿਭਾਸ਼ਿਤ ਕਰਨ ਦਾ ਮੰਤਵ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਵਾਲੇ ਅਤੇ ਮੱਸਾ ਰੰਘੜ ਦੀ ਸੋਚ ਰੱਖਣ ਵਾਲੇ ਸ਼ਰਾਰਤੀ ਅਨਸਰ, ਭਾਵੇਂ ਉਹ ਕੋਈ ਵਿਅਕਤੀ ਹੋਵੇ ਜਾਂ ਕੋਈ ਸੰਸਥਾ ਜਿਵੇਂ ਕਿ ਡੇਰਾ ਜਾਂ ਸੰਪ੍ਰਦਾਇ ਜਾਂ ਕੋਈ ਧਰਮ ਪ੍ਰਚਾਰਕ ਸੰਸਥਾ, ਦੇ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨਾ ਹੈ।

ਰੂਲਾਂ ਵਿੱਚ "ਕਸਟੋਡੀਅਨ" ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਸੇਵਕ ਜਾਂ ਸੇਵਾਦਾਰ ਹੈ। ਰੂਲਾਂ ਵਿੱਚ ਪ੍ਰਦਾਨ ਕੀਤੇ ਗਏ ਸੁਰੱਖਿਆ ਉਪਾਅ ਨਾ ਸਿਰਫ਼ ਪਾਵਨ ਸਰੂਪਾਂ ਦੀ ਪਵਿੱਤਰਤਾ ਦੀ ਰੱਖਿਆ ਲਈ ਲੋੜੀਂਦੇ ਸਾਧਨ ਹਨ, ਸਗੋਂ ਇਸ ਦੇ ਸੇਵਾਦਾਰਾਂ, ਪਾਠੀ ਸਿੰਘਾਂ ਅਤੇ ਗ੍ਰੰਥੀ ਸਿੰਘਾਂ ਨੂੰ ਲੋੜੀਂਦੀ ਸੁਰੱਖਿਆ ਵੀ ਪ੍ਰਦਾਨ ਕਰਦੇ ਹਨ।

ਇਹ ਐਕਟ ਅਤੇ ਰੂਲ ਅਣਜਾਣੇ ਵਿੱਚ ਲਾਪਰਵਾਹੀ ਨਾਲ ਜਾਂ ਬਿਨ੍ਹਾਂ ਕਿਸੇ ਦੁਰਭਾਵਨਾ ਜਾਂ ਅਪਮਾਨ ਕਰਨ ਦੇ ਇਰਾਦੇ ਰਹਿਤ ਹੋਈ ਬੇਅਦਬੀ ਕਾਰਣ ਕਿਸੇ ਵੀ ਸੇਵਾਦਾਰ, ਪਾਠੀ ਸਿੰਘ ਜਾਂ ਗ੍ਰੰਥੀ ਸਿੰਘ ਉੱਪਰ ਲਾਗੂ ਨਹੀਂ ਹੋਣਗੇ।

ਇਸ ਸਬੰਧੀ ਰੂਲਾਂ ਵਿੱਚ ਖਾਸ ਉਪਬੰਧ ਕੀਤੇ ਗਏ ਹਨ ਕਿ ਜਿਹੜੀ ਘਟਨਾ ਅਣਜਾਣੇ ਵਿੱਚ, ਲਾਪਰਵਾਹੀ ਨਾਲ ਜਾਂ ਬਿਨਾਂ ਕਿਸੇ ਜਾਣਬੁੱਝ ਕੇ ਕੀਤੀ ਗਈ ਜਾਂ ਦੁਰਭਾਵਨਾ ਰਹਿਤ ਨੀਅਤ ਦੇ ਕੀਤੀ ਗਈ ਹੋਵੇ ਅਤੇ ਜਿਸ ਵਿੱਚ ਦੋਸ਼ੀ ਮਨੋਭਾਵ (Mens Rea) ਮੌਜੂਦ ਨਾ ਹੋਵੇ, ਉਹ ਐਕਟ ਦੀ ਧਾਰਾ 2(1)(bb) – 'ਬੇਅਦਬੀ' ਦੇ ਦਾਇਰੇ ਵਿੱਚ ਨਹੀਂ ਆਉਂਦੀ।

ਐਕਟ ਅਤੇ ਰੂਲਾਂ ਅਧੀਨ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਅਣ-ਅਧਿਕਾਰਿਤ ਪ੍ਰਿੰਟਿੰਗ ਆਦਿ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖ਼ਤ ਸਜਾ ਦੇਣ ਲਈ ਐਕਟ ਦੀ ਧਾਰਾ 5(1) ਬਣਾਈ ਗਈ ਹੈ। ਐਕਟ ਦੀ ਉਪਰੋਕਤ ਧਾਰਾ 5(1) ਵਿਸੇਸ਼ ਤੌਰ ਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਅਣ-ਅਧਿਕਾਰਤ ਛਪਾਈ, ਪ੍ਰਕਾਸ਼ਨ, ਸਤਿਕਾਰ ਸਾਹਿਤ ਬਿਰਾਜਮਾਨ, ਵੰਡ ਅਤੇ ਵਿਤਰਨ ਨਾਲ ਸਬੰਧਤ ਉਲੰਘਣਾਵਾਂ ਤੱਕ ਹੀ ਸੀਮਿਤ ਹੈ।

ਇਸ ਤੋਂ ਇਲਾਵਾ ਬੇਅਦਬੀ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖ਼ਤ ਸਜ਼ਾ ਦੇਣ ਲਈ ਐਕਟ ਦੀ ਧਾਰਾ 5(2) ਤੋਂ 5(5) ਦਾ ਉਪਬੰਧ ਕੀਤਾ ਗਿਆ ਹੈ।

**ਰੂਲ 9** ਵਿੱਚ ਦਰਜ਼ ਉਪਬੰਧ ਬੇਗੁਨਾਹ ਵਿਅਕਤੀਆਂ (ਸੇਵਕਾਂ ਜਾਂ ਸੇਵਾਦਾਰਾਂ), ਨੂੰ ਸ਼ਰਾਰਤੀ ਅਨਸਰਾਂ ਦੁਆਰਾ ਸਿਆਸੀ ਜਾਂ ਬਦਲਾਖੋਰੀ ਦੀ ਭਾਵਨਾ ਨਾਲ ਲਗਾਏ ਗਏ ਬੇਅਦਬੀ ਦੇ ਝੂਠੇ ਜਾਂ ਮਨਘੜਤ ਦੋਸ਼ਾਂ ਤੋਂ ਬਚਾਉਣ ਲਈ ਸਪੱਸ਼ਟ ਪ੍ਰਕਿਰਿਆਤਮਕ ਸੁਰੱਖਿਆ ਪ੍ਰਦਾਨ ਕਰਦੇ ਹਨ। ਜਿੱਥੇ ਕਿਸੇ ਸੇਵਕ ਜਾਂ ਸੇਵਾਦਾਰ ਜਾਂ ਸੇਵਾ ਵਿੱਚ ਲੱਗੇ ਵਿਅਕਤੀ ਵਿਰੁੱਧ ਬੇਅਦਬੀ ਦਾ ਦੋਸ਼ ਲਗਾਇਆ ਜਾਂਦਾ ਹੈ, ਉੱਥੇ ਹੇਠ ਲਿਖੀ ਪ੍ਰਕਿਰਿਆ ਦੀ ਪਾਲਣਾ ਲਾਜ਼ਮੀ ਤੌਰ 'ਤੇ ਕੀਤੀ ਜਾਵੇਗੀ: -

(1) ਜੇਕਰ ਤਫਤੀਸ਼ ਦੇ ਦੌਰਾਨ, ਸਬੂਤ ਕਿਸੇ ਵੀ ਸੇਵਕ ਜਾਂ ਸੇਵਾਦਾਰ ਦੇ ਸਪੱਸ਼ਟ ਤੌਰ 'ਤੇ ਦੋਸ਼ੀ ਹੋਣ ਦਾ ਖੁਲਾਸਾ ਕਰਦੇ ਹਨ, ਤਾਂ ਤਫਤੀਸ਼ੀ ਅਫ਼ਸਰ:

(a) ਉਪਲਬਧ ਸਬੂਤਾਂ ਦਾ ਵੇਰਵਾ ਦਿੰਦੇ ਹੋਏ ਇੱਕ ਵਿਸਤ੍ਰਿਤ ਕੇਸ ਡਾਇਰੀ ਸਮੇਂ-ਸਮੇਂ 'ਤੇ ਸਬੰਧਤ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਭੇਜੇਗਾ, ਜਿਸ ਦਾ ਉਕਤ ਮੈਜਿਸਟ੍ਰੇਟ ਦੁਆਰਾ ਨਿਰੀਖਣ ਅਤੇ ਹਸਤਾਖਰ ਕੀਤੇ ਜਾਣਗੇ; ਅਤੇ

(b) ਇਸਦੇ ਨਾਲ ਹੀ ਕੇਸ ਡਾਇਰੀ ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਨੂੰ ਭੇਜੇਗਾ, ਜੋ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਆਪਣੀ ਸੂਝ-ਬੂਝ ਦਾ ਸੁਤੰਤਰ ਉਪਯੋਗ ਕਰਕੇ ਇਸਦਾ ਮੁਆਇਨਾ ਕਰੇਗਾ।

ਪ੍ਰੰਤੂ ਇਹ ਕਿ ਜੇਕਰ ਨਿਗਰਾਨੀ ਮੁਆਇਨਾ ਨਿਰਧਾਰਤ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਪੂਰਾ ਨਹੀਂ ਕੀਤਾ ਜਾ ਸਕਦਾ, ਤਾਂ ਉਪਲਬਧ ਸਮੇਂ ਨੂੰ ਹੋਰ ਪੰਦਰਾਂ ਦਿਨਾਂ ਲਈ ਵਧਾਇਆ ਜਾ ਸਕਦਾ ਹੈ, ਜਿਸ ਨਾਲ ਕੁੱਲ ਸੰਚਿਤ ਮਿਆਦ ਪੰਤਾਲੀ ਦਿਨ ਹੋ ਜਾਵੇਗੀ, ਜੋ ਹੇਠ ਲਿਖੀਆਂ ਸ਼ਰਤਾਂ ਦੇ ਅਧੀਨ ਹੈ:

(a) ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਤਫਤੀਸ਼ ਵਿੱਚ ਹੋਈ ਪ੍ਰਗਤੀ ਨੂੰ ਰਿਕਾਰਡ ਕਰੇਗਾ; ਅਤੇ

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

(b) ਅਜਿਹੇ ਵਾਧੇ ਦੀ ਲੋੜ ਦੇ ਖਾਸ ਕਾਰਨ ਉਕਤ ਅਫ਼ਸਰ ਦੁਆਰਾ ਲਿਖਤੀ ਰੂਪ ਵਿੱਚ ਰਿਕਾਰਡ ਕੀਤੇ ਜਾਣਗੇ।

(2) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਕਾਨੂੰਨੀ ਅਧਿਕਾਰਾਂ ਦੀ ਵਿਧਾਨਕ ਪ੍ਰਕਿਰਤੀ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਪ੍ਰਬੰਧਨ ਸਬੰਧੀ ਜਿੰਮੇਵਾਰੀ ਨੂੰ ਮੁੱਖ ਰੱਖਦਿਆਂ, ਪੁਲਿਸ ਕਪਤਾਨ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਪੁਲਿਸ (ਤਫਤੀਸ਼) ਦੌਰਾਨੇ ਤਫ਼ਤੀਸ਼ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 175, 176 ਅਧੀਨ ਅਤੇ ਪੰਜਾਬ ਪੁਲਿਸ ਰੂਲਜ, 1934 ਦੇ ਅਧਿਆਇ 25 ਦੇ ਰੂਲ 25.2 ਤਹਿਤ ਸਥਾਪਿਤ ਹੋਈ ਕਿਸੇ ਵੀ ਕਸਟੋਡੀਅਨ, ਸੇਵਕ ਜਾਂ ਸੇਵਾਦਾਰ ਦੀ ਦੇਣਦਾਰੀ ਅਤੇ ਜਵਾਬਦੇਹੀ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਲਿਖਤੀ ਸੂਚਨਾ ਭੇਜਣਗੇ, ਜਿਸ ਬਾਬਤ ਸੁਤੰਤਰ ਅਤੇ ਨਿਰਪੱਖ ਤਫਤੀਸ਼ ਮੁਕੰਮਲ ਹੋਣ ਤੇ ਤਫ਼ਤੀਸ਼ੀ ਅਫ਼ਸਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 193 ਹੇਠ ਪੁਲਿਸ ਰਿਪੋਰਟ ਮਾਨਯੋਗ ਕੋਰਟ ਵਿੱਚ ਪੇਸ਼ ਕੀਤੀ ਜਾਵੇਗੀ।

(3) ਸਬੂਤ ਇਕੱਠੇ ਕਰਨ ਦੇ ਕੰਮ ਦੇ ਪੂਰਾ ਹੋਣ 'ਤੇ, ਤਫਤੀਸ਼ੀ ਅਫ਼ਸਰ ਪੂਰਾ ਰਿਕਾਰਡ ਤਿਆਰ ਕਰੇਗਾ ਅਤੇ ਇਸਨੂੰ ਇਹਨਾਂ ਨਿਯਮਾਂ ਨਾਲ ਨੱਥੀ ਫਾਰਮ-II ਵਿੱਚ ਨਿਰਧਾਰਤ ਕਾਨੂੰਨੀ ਚੈੱਕਲਿਸਟ ਦੇ ਨਾਲ ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਦੇ ਸਾਹਮਣੇ ਪੇਸ਼ ਕਰੇਗਾ।

(4) ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਰਿਕਾਰਡ 'ਤੇ ਰੱਖੀ ਗਈ ਪੂਰੀ ਸਮੱਗਰੀ ਦਾ ਸੁਤੰਤਰ ਰੂਪ ਵਿੱਚ ਮੁਲਾਂਕਣ ਕਰੇਗਾ ਅਤੇ ਸਬੰਧਤ ਸੇਵਕ ਜਾਂ ਸੇਵਾਦਾਰ ਵਿਰੁੱਧ ਕੋਈ ਵੀ ਕਾਰਵਾਈ ਜਾਂ ਗ੍ਰਿਫਤਾਰੀ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਨਿਰਣਾਇਕ ਤੌਰ 'ਤੇ ਇਹ ਨਿਰਧਾਰਤ ਕਰੇਗਾ ਕਿ ਕੀ ਲੋੜੀਂਦੇ ਸਬੂਤ ਉਪਲਬਧ ਹਨ ਅਤੇ ਕਾਨੂੰਨੀ ਆਧਾਰ ਮੌਜੂਦ ਹੈ।

ਰੂਲ 10 ਐਕਟ ਦੇ ਕਿਸੇ ਵੀ ਉਪਬੰਧ ਦੀ ਦੁਰਵਰਤੋਂ ਵਿਰੁੱਧ ਕਈ ਸੁਰੱਖਿਆ ਉਪਾਅ ਪ੍ਰਦਾਨ ਕੀਤੇ ਗਏ ਹਨ।

(2) ਐਕਟ ਦੀ ਧਾਰਾ 5(1) ਵਿੱਚ ਪ੍ਰਦਾਨ ਕੀਤੇ ਗਏ ਐਕਟ ਅਤੇ ਇਸਦੇ ਤਹਿਤ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਉਲੰਘਣਾ ਨਾਲ ਸਬੰਧਤ ਅਪਰਾਧ ਸਖਤੀ ਨਾਲ ਅਤੇ ਵਿਸ਼ੇਸ਼ ਤੌਰ 'ਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਅਣਅਧਿਕਾਰਤ ਛਪਾਈ, ਪ੍ਰਕਾਸ਼ਨ, ਸਤਿਕਾਰ ਸਹਿਤ ਬਿਰਾਜਮਾਨ, ਵੰਡ ਅਤੇ ਸਪਲਾਈ ਨਾਲ ਸਬੰਧਤ ਉਲੰਘਣਾਵਾਂ ਤੱਕ ਹੀ ਸੀਮਤ ਹੈ।

(3) ਇਸ ਤੋਂ ਇਲਾਵਾ, ਇਸ ਧਾਰਾ 2(1)(bb) ਦੇ ਅਧੀਨ, ਕੋਈ ਵੀ ਅਜਿਹੀ ਕਾਰਵਾਈ, ਜੋ ਨੇਕ ਨੀਅਤ, ਸਦਭਾਵਨਾ ਅਤੇ ਬਿਨਾਂ ਕਿਸੇ ਦੋਸ਼ਪੂਰਨ ਜਾਂ ਅਪਰਾਧਿਕ ਮਨਸ਼ਾ ਦੇ ਕੀਤੀ ਗਈ ਹੋਵੇ, ਨੂੰ ਇਸ ਐਕਟ ਦੇ ਅਧੀਨ ਅਪਰਾਧ ਨਹੀਂ ਮੰਨਿਆ ਜਾਵੇਗਾ। ਜਿਵੇਂ ਕਿ:-

(i) (ੳ) ਧਾਰਮਿਕ, ਵਿਦਿਅਕ, ਸਾਹਿਤਕ, ਅਧਿਆਤਮਿਕ, ਇਤਿਹਾਸਕ, ਭਾਸ਼ਾਈ, ਵਿਦਵਤਾਪੂਰਨ ਜਾਂ ਖੋਜ ਦੇ ਉਦੇਸ਼ ਲਈ ਨੇਕ ਨੀਅਤ ਨਾਲ ਕੀਤੀ ਗਈ ਕੋਈ ਵੀ ਕਾਰਵਾਈ, ਜਿਸ ਵਿੱਚ ਪ੍ਰਿੰਟ, ਡਿਜ਼ੀਟਲ, ਇਲੈਕਟ੍ਰਾਨਿਕ ਜਾਂ ਆਨ-ਲਾਈਨ ਮਾਧਿਅਮ ਰਾਹੀਂ ਕਿਸੇ ਵੀ ਰੂਪ ਵਿੱਚ ਗੁਰਬਾਣੀ ਦਾ ਪਾਠ, ਅਧਿਆਪਨ, ਅਧਿਐਨ, ਕੀਰਤਨ, ਕਥਾ, ਪ੍ਰਵਚਨ, ਵਿਆਖਿਆ, ਅਨੁਵਾਦ, ਪੁਨਰ-ਪ੍ਰਕਾਸ਼ਨ, ਪ੍ਰਸਾਰ ਜਾਂ ਪ੍ਰਚਾਰ ਸ਼ਾਮਲ ਹੋਵੇ।

(ਅ) ਨਗਰ ਕੀਰਤਨ, ਆਨੰਦ ਕਾਰਜ ਜਾਂ ਕਿਸੇ ਹੋਰ ਧਾਰਮਿਕ ਸਮਾਗਮ ਜਾਂ ਰਸਮ ਦੌਰਾਨ ਕੀਤੀ ਗਈ ਫੋਟੋਗ੍ਰਾਫੀ, ਵੀਡੀਓਗ੍ਰਾਫੀ, ਪ੍ਰਸਾਰਣ ਜਾਂ ਲਾਈਵ ਪ੍ਰਸਾਰਣ।

(ੲ) ਘਰੇਲੂ ਨਿਵਾਸ ਜਾਂ ਕਿਸੇ ਹੋਰ ਅਜਿਹੇ ਸਥਾਨ 'ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਸਤਿਕਾਰ ਸਹਿਤ ਪ੍ਰਕਾਸ਼, ਸੁੱਖਆਸਨ, ਸੇਵਾ ਜਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਕੀਤੀ ਜਾਣ ਵਾਲੀ ਕੋਈ ਵੀ ਧਾਰਮਿਕ ਕਾਰਵਾਈ।

(ii) ਕਿਸੇ ਸੇਵਕ ਜਾਂ ਸੇਵਾਦਾਰ ਨੂੰ ਕਿਸੇ ਵੀ ਅਜਿਹੇ ਕਾਰਜ ਜਾਂ ਭੁੱਲ ਲਈ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜੇਕਰ ਅਜਿਹਾ ਕਾਰਜ ਜਾਂ ਭੁੱਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਦੌਰਾਨ ਨੇਕ ਨੀਅਤ ਨਾਲ ਕੀਤੀ ਗਈ ਸੀ।

ਕੋਈ ਵੀ ਸੇਵਕ ਜਾਂ ਸੇਵਾਦਾਰ ਜੋ ਸਬੰਧਤ ਪ੍ਰਬੰਧਕੀ ਅਥਾਰਟੀ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਕਿਸੇ ਵੀ ਅਣਜਾਣੇ ਵਿੱਚ ਜਾਂ ਅਚਾਨਕ ਹੋਈ ਘਟਨਾ ਦੀ ਖੁਦ ਰਿਪੋਰਟ ਕਰਦਾ ਹੈ ਅਤੇ ਉਚਿਤ ਸੁਧਾਰਾਤਮਕ ਕਦਮ ਚੁੱਕਦਾ ਹੈ, ਉਸ ਬਾਰੇ ਇਹ ਮੰਨਿਆ ਜਾਵੇਗਾ ਕਿ ਉਸਨੇ ਇਸ ਧਾਰਾ ਦੇ ਉਦੇਸ਼ਾਂ ਲਈ ਨੇਕ ਨੀਅਤ ਨਾਲ ਕੰਮ ਕੀਤਾ ਹੈ;

ਕੋਈ ਵੀ ਸੇਵਕ ਜਾਂ ਸੇਵਾਦਾਰ ਨੂੰ ਉੱਥੇ ਵੀ ਨੇਕ ਨੀਅਤ ਨਾਲ ਕੰਮ ਕੀਤਾ ਮੰਨਿਆ ਜਾਵੇਗਾ ਜਿੱਥੇ ਉਸਨੇ ਜਾਗਤ ਜੋਤ



## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਵਿੱਚ ਉਚਿਤ ਦੇਖਭਾਲ, ਤਤਪਰਤਾ ਅਤੇ ਸਥਾਪਿਤ ਧਾਰਮਿਕ ਪ੍ਰੋਟੋਕੋਲ ਅਤੇ ਭਾਈਚਾਰਕ ਮਾਪਦੰਡਾਂ ਦੀ ਪਾਲਣਾ ਕੀਤੀ ਹੋਵੇ।

**ਸਪੱਸ਼ਟੀਕਰਨ:** ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ, ਜਿਸ ਵਿੱਚ ਸੇਵਕ ਜਾਂ ਸੇਵਾਦਾਰ, ਅਧਿਆਪਕ, ਵਿਦਵਾਨ, ਜਾਂ ਨੇਕ ਨੀਅਤ ਨਾਲ ਧਾਰਮਿਕ, ਵਿਦਿਅਕ, ਜਾਂ ਸਮਾਜਿਕ ਭਲਾਈ ਦੀਆਂ ਗਤੀਵਿਧੀਆਂ ਵਿੱਚ ਲੱਗੇ ਵਿਅਕਤੀ ਸ਼ਾਮਲ ਹਨ, ਕੋਈ ਪਰੇਸ਼ਾਨੀ ਨਾ ਹੋਵੇ; ਜਾਂ ਮਨੁੱਖਤਾ ਦੇ ਭਲੇ ਲਈ ਗੁਰਬਾਣੀ ਦੇ ਬ੍ਰਹਮ ਅਤੇ ਵਿਸ਼ਵਵਿਆਪੀ ਸੰਦੇਸ਼ ਦੇ ਕਾਨੂੰਨੀ ਅਧਿਆਪਨ, ਪ੍ਰਸਾਰ ਜਾਂ ਪ੍ਰਚਾਰ ਵਿੱਚ ਲੱਗੇ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ।

ਨੋਟ : (1) ਐਕਟ ਜਾਂ ਇਹਨਾਂ ਨਿਯਮਾਂ ਵਿੱਚ ਸ਼ਾਮਲ ਕੋਈ ਵੀ ਉਪਬੰਧ, ਕਿਸੇ ਵੀ ਅਜਿਹੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਕਰ ਰਹੇ ਸੇਵਕ ਜਾਂ ਸੇਵਾਦਾਰ ਦੇ ਸਤਿਕਾਰ ਅਤੇ ਸ਼ਰਧਾ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਨਹੀਂ ਮੰਨਿਆ ਜਾਵੇਗਾ ਅਤੇ ਨਾ ਹੀ ਇਹ ਕਿਸੇ ਸ਼ਰਧਾਲੂ ਦੇ ਵਿਸ਼ਵਾਸ ਦੇ ਪਵਿੱਤਰ, ਨਿੱਜੀ ਰਿਸ਼ਤੇ ਵਿੱਚ ਦਖਲ ਦੇਵੇਗੀ ਜਾਂ ਸਿੱਖ ਰਹਿਤ ਮਰਿਆਦਾ ਦੇ ਸਿਧਾਂਤਾਂ ਨੂੰ ਨਿਰਧਾਰਤ ਕਰੇਗੀ। ਇੱਕਮਾਤਰ ਕਾਨੂੰਨੀ ਉਦੇਸ਼ ਤਫਤੀਸ਼ੀ ਅਫ਼ਸਰ ਨੂੰ ਉਹਨਾਂ ਸ਼ਰਾਰਤੀ ਅਨਸਰਾਂ ਦੇ ਦੋਸ਼ ਸਥਾਪਿਤ ਕਰਨ ਲਈ ਸਮਰੱਥ ਬਣਾਉਣਾ ਹੈ ਜੋ ਜਾਣਬੁੱਝ ਕੇ ਜਾਂ ਮੰਦਭਾਗੀ ਮਾਨਸਿਕ ਸਥਿਤੀ (ਦੋਸ਼ੀ ਮਨ) ਨਾਲ ਬੇਅਦਬੀ ਦੇ ਘਿਨਾਉਣੇ ਕਾਰੇ ਕਰਦੇ ਹਨ, ਅਤੇ ਅਜਿਹੇ ਸ਼ਰਾਰਤੀ ਅਨਸਰਾਂ ਦੀ ਪੂਰੀ ਤਰ੍ਹਾਂ ਤਫਤੀਸ਼ ਕਰਨਾ ਅਤੇ ਉਹਨਾਂ ਨੂੰ ਸਜ਼ਾ ਦੇਣਾ ਹੈ।

(2) ਐਕਟ ਜਾਂ ਇਹਨਾਂ ਨਿਯਮਾਂ ਵਿੱਚ ਸ਼ਾਮਲ ਕੋਈ ਵੀ ਗੱਲ ਹੇਠ ਲਿਖੀਆਂ ਗਤੀਵਿਧੀਆਂ ਨੂੰ ਸੀਮਤ, ਨਿਯੰਤਰਿਤ ਜਾਂ ਵਰਜਿਤ ਨਹੀਂ ਕਰੇਗੀ:

(a) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਤੋਂ ਇਲਾਵਾ ਕਿਸੇ ਵੀ ਹੋਰ ਰੂਪ ਵਿੱਚ ਗੁਰਬਾਣੀ ਦੀ ਛਪਾਈ, ਪ੍ਰਕਾਸ਼ਨ, ਵੰਡ ਜਾਂ ਪ੍ਰਸਾਰ;

(b) ਅਖ਼ਬਾਰਾਂ, ਲੇਖਾਂ, ਕਿਤਾਬਾਂ, ਰਸਾਲਿਆਂ, ਵਿਦਿਅਕ, ਸਾਹਿਤਕ, ਧਾਰਮਿਕ, ਜਾਂ ਖੋਜ ਕਾਰਜਾਂ ਵਿੱਚ ਗੁਰਬਾਣੀ ਦਾ ਪ੍ਰਕਾਸ਼ਨ ਜਾਂ ਪੁਨਰ-ਪ੍ਰਕਾਸ਼ਨ;

(c) ਗੁਰਬਾਣੀ ਨਾਲ ਅਕਾਦਮਿਕ, ਸਾਹਿਤਕ, ਵਿਦਵਤਾ ਭਰਪੂਰ, ਧਾਰਮਿਕ, ਜਾਂ ਵਿਦਿਅਕ ਲਗਾਵ;



# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| | | |
|---|---|---|
| | | ਬੇਅਦਬੀ ਕਰਨ ਵਾਲੇ ਅਤੇ ਮੱਸਾ ਰੰਘੜ ਦੀ ਸੋਚ ਰੱਖਣ ਵਾਲੇ ਸ਼ਰਾਰਤੀ ਅਨਸਰਾਂ ਉੱਪਰ ਨੱਥ ਪਾਈ ਜਾ ਸਕੇ।<br><br>ਰੂਲ 2(1)(k) ਵਿੱਚ ਇਹ ਉਪਬੰਧ ਕੀਤਾ ਗਿਆ ਹੈ ਕਿ "ਯੂਨੀਕ ਆਈਡੈਂਟੀਫਿਕੇਸ਼ਨ ਨੰਬਰ" ਤੋਂ ਭਾਵ ਹੈ ਇੱਕ ਵਿਸ਼ੇਸ਼ ਪਛਾਣ ਨੰਬਰ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੁਆਰਾ ਉਚਿਤ ਸਮਝੀਆਂ ਗਈਆਂ ਆਧੁਨਿਕ ਤਕਨੀਕਾਂ ਰਾਹੀਂ ਇਨਕ੍ਰਿਪਟਡ (ਖੁਫ਼ੀਆ) ਹੋਵੇਗਾ, ਜੋ ਭਵਿੱਖ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰੇਕ ਸਰੂਪ ਲਈ ਪ੍ਰਦਾਨ ਕੀਤਾ ਜਾਵੇਗਾ।<br><br>ਇੱਥੋਂ ਇਹ ਸਪਸ਼ਟ ਹੁੰਦਾ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰੇਕ ਸਰੂਪ ਲਈ "ਯੂਨੀਕ ਆਈਡੈਂਟੀਫਿਕੇਸ਼ਨ ਨੰਬਰ" ਪ੍ਰਦਾਨ ਕਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। |
| 4. | ਕੇਂਦਰੀ ਰਜਿਸਟਰ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਸ਼ਬਦ 'Records' (ਰਿਕਾਰਡਾਂ) ਨੂੰ 2026 ਦੇ ਐਕਟ ਦੀ ਧਾਰਾ 2(1)(ba) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਧਾਰਾ 3A ਵਿੱਚ ਉਪਲਬਧ ਕਰਵਾਇਆ ਗਿਆ 'Central Register' (ਕੇਂਦਰੀ ਰਜਿਸਟਰ), ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਬੀੜ' ਜਾਂ 'ਸਰੂਪ' ਦੀ ਛਪਾਈ, ਸਤਿਕਾਰ ਸਹਿਤ ਬਿਰਾਜਮਾਨ, ਵੰਡ ਅਤੇ ਸਪਲਾਈ ਦਾ ਹਵਾਲਾ ਦਿੰਦੇ ਹੋਏ ਸ਼ਬਦ 'Record' (ਰਿਕਾਰਡ) ਦੀ ਵਰਤੋਂ ਵੀ ਕਰਦਾ ਹੈ।<br><br>ਧਾਰਾ 3A(2) ਵਿੱਚ ਉਲੇਖ ਹੈ ਕਿ 'ਰਜਿਸਟਰ ਜਾਂ ਰਿਕਾਰਡ ਨੂੰ ਭੌਤਿਕ ਅਤੇ ਇਲੈਕਟ੍ਰਾਨਿਕ ਰੂਪ ਵਿੱਚ ਰੱਖਿਆ ਜਾਵੇਗਾ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ 'ਤੇ ਉਪਲਬਧ ਹੋਵੇਗਾ'।<br><br>**"ਵੈੱਬਸਾਈਟ 'ਤੇ ਉਪਲਬਧ"** ਤੋਂ ਭਾਵ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੁਆਰਾ ਰੈਗੂਲੇਟਰੀ ਅਤੇ ਪ੍ਰਸ਼ਾਸਨਿਕ ਉਦੇਸ਼ਾਂ ਲਈ ਬਣਾਏ ਗਏ ਸੁਰੱਖਿਅਤ ਕੇਂਦਰੀਕ੍ਰਿਤ ਡਿਜੀਟਲ ਅਤੇ/ਜਾਂ ਇਲੈਕਟ੍ਰਾਨਿਕ ਰਿਕਾਰਡ ਸਿਸਟਮ ਦੀ ਉਪਲਬਧਤਾ, ਜੋ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ, ਪ੍ਰਕਾਸ਼ਨ, ਸੱਚਖੰਡ ਅਸਥਾਨ ਵਿਖੇ ਸਤਿਕਾਰ ਸਹਿਤ ਬਿਰਾਜਮਾਨ, ਸੰਗਤ ਤੱਕ ਸਤਿਕਾਰ ਸਹਿਤ ਪਹੁੰਚਾਉਣ ਦੀ ਸੇਵਾ ਦੀ ਪੂਰੀ ਪ੍ਰਕਿਰਿਆ ਦਾ |

## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



ਇਨਕ੍ਰਿਪਟਡ (ਸੁਰੱਖਿਅਤ ਕੋਡ) ਰੂਪ ਵਿੱਚ ਡਾਟਾ ਅਪਲੋਡ ਕਰਨ ਅਤੇ ਰਿਕਾਰਡ ਰੱਖਣ ਲਈ ਹੈ;

ਬਸ਼ਰਤੇ ਕਿ ਅਜਿਹੇ ਕੇਂਦਰੀਕ੍ਰਿਤ ਡਿਜੀਟਲ ਅਤੇ ਇਲੈਕਟ੍ਰਾਨਿਕ ਰਿਕਾਰਡ ਪ੍ਰਣਾਲੀ ਨੂੰ ਜਨਤਕ ਖੇਤਰ (ਪਬਲਿਕ ਡੋਮੇਨ) ਵਿੱਚ ਉਪਲਬਧ ਜਾਣਕਾਰੀ ਨਹੀਂ ਮੰਨਿਆ ਜਾਵੇਗਾ; ਅਤੇ ਜਾਣਕਾਰੀ ਦਾ ਕੋਈ ਵੀ ਪ੍ਰਸਾਰ ਨਿਯਤ ਪ੍ਰਕਿਰਿਆ ਅਨੁਸਾਰ ਹੀ ਕੀਤਾ ਜਾਵੇਗਾ।

ਇਹ ਵੀ ਬਸ਼ਰਤੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਕਿਸੇ ਵਿਅਕਤੀਗਤ ਸੇਵਕ ਜਾਂ ਸੇਵਾਦਾਰ ਦੀ ਨਿੱਜਤਾ ਅਰਥਾਤ ਗੋਪਨੀਯਤਾ ਦੀ ਰੱਖਿਆ ਲਈ ਲੋੜੀਂਦੇ ਉਚਿਤ ਕਦਮ ਚੁੱਕੇਗੀ।

ਇਸ ਐਕਟ ਅਤੇ ਰੂਲਾਂ ਅਨੁਸਾਰ ਇੱਕਠੇ ਕੀਤੇ ਗਏ ਰਿਕਾਰਡ ਨੂੰ ਵੈੱਬਸਾਈਟ 'ਤੇ ਪਾਉਣ (in encrypted form/ ਖੁਫ਼ੀਆ ਰੱਖ ਕੇ) ਸਬੰਧੀ ਛਪਾਈ, ਪ੍ਰਕਾਸ਼ਨ, ਵੰਡ, ਵਿਤਰਨ ਆਦਿ ਸਾਰੀ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ।

ਉਕਤ ਰਿਕਾਰਡ ਜਨਤਕ ਦਸਤਾਵੇਜ਼ ਨਹੀਂ ਹੈ ਅਤੇ ਇਸ ਬਾਬਤ ਤਫਤੀਸ਼ੀ ਏਜੰਸੀ ਨੂੰ ਜੇਕਰ ਕੋਈ ਰਿਕਾਰਡ ਹਾਸਿਲ ਕਰਨਾ ਹੋਵੇ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਕੇ ਹਾਸਿਲ ਕਰ ਸਕਦੀ ਹੈ, ਤਾਂ ਜੋ ਮੰਸ਼ਾ ਰੰਗੜ ਦੀ ਸੋਚ ਰੱਖਣ ਵਾਲੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਇਸ ਸਬੰਧੀ ਇਹ ਵੀ ਜਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਕੋਲ ਕੇਂਦਰੀ ਰਜਿਸਟਰ ਪਹਿਲਾਂ ਹੀ ਲਗਾਉਣ ਦਾ ਯੋਗ ਪ੍ਰਬੰਧ ਹੈ ਅਤੇ ਭੌਤਿਕ ਅਤੇ ਇਲੈਕਟ੍ਰਾਨਿਕ ਰਿਕਾਰਡ ਦੇ ਰੱਖ-ਰਖਾਅ ਲਈ ਵੀ ਉਚਿਤ ਪ੍ਰਬੰਧ ਕੀਤਾ ਹੋਇਆ ਹੈ। ਇਸ ਲਈ ਇਸ ਸਬੰਧੀ ਕੋਈ ਵੀ ਇਤਰਾਜਯੋਗ ਗੱਲ ਸਾਹਮਣੇ ਨਹੀਂ ਆਉਂਦੀ।



## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| | | |
|---|---|---|
| 7. | 2008 ਦੇ ਪੰਜਾਬ ਐਕਟ ਨੰਬਰ 21 ਦੀ ਧਾਰਾ 3B(1) – ਕਸਟੋਡੀਅਨ ਦੇ ਫ਼ਰਜ਼ ਅਤੇ ਜ਼ਿੰਮੇਵਾਰੀਆਂ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਦੇ ਐਕਟ ਵਿੱਚ ਧਾਰਾ 3B(1) ਦਾ ਉਪਬੰਧ ਕਰਨ ਦਾ ਮੰਤਵ ਇਹ ਹੈ ਕਿ ਜੇਕਰ ਕੋਈ ਮੰਦਭਾਗੀ ਘਟਨਾ/ਦੁਰਘਟਨਾ ਵਾਪਰਦੀ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਜਾਣ-ਬੁੱਝ ਕੇ ਜਾਂ ਦੋਸ਼ੀ ਮਨੋਦਸ਼ਾ ਤੋਂ ਬਿਨ੍ਹਾਂ ਬੇਅਦਬੀ ਹੁੰਦੀ ਹੈ ਤਾਂ ਉਸ ਘਟਨਾ ਦੀ ਇਤਲਾਹ ਕਸਟੋਡੀਅਨ (ਸੇਵਕ ਜਾਂ ਸੇਵਾਦਾਰ) ਵੱਲੋਂ ਦਿੱਤੀ ਜਾਵੇ ਤਾਂ ਜੋ ਪੰਥ ਹਿੱਤ ਵਿੱਚ ਸਿੱਖ ਰਹਿਤ ਮਰਿਯਾਦਾ ਅਨੁਸਾਰ ਅਗਨ ਭੇਟ ਸੇਵਾ ਕੀਤੀ ਜਾ ਸਕੇ।<br><br>ਇਸ ਸਬੰਧ ਵਿੱਚ ਇਹ ਜ਼ਿਕਰਯੋਗ ਹੈ ਕਿ ਹਾਲ ਵਿੱਚ ਹੀ ਪਿੰਡ ਭੁੱਟੀਵਾਲਾ ਵਿਖੇ ਗੁਰਦੁਆਰਾ ਸ੍ਰੀ ਦੁੱਖਨਿਵਾਰਨ ਸਾਹਿਬ ਵਿੱਚ ਬਿਜਲੀ ਦੇ ਸ਼ਾਰਟ ਸ਼ਰਕਟ ਨਾਲ ਅੱਗ ਲੱਗਣ ਕਾਰਣ ਦੁਰਘਟਨਾ ਵਾਪਰੀ ਸੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 09 ਪਾਵਨ ਸਰੂਪ, 02 ਪਾਵਨ ਪੋਥੀਆਂ, 25 ਦੇ ਕ੍ਰੀਬ ਪਾਵਨ ਗੁਟਕਾ ਸਾਹਿਬ, ਪਾਵਨ ਚੋਰ ਸਾਹਿਬ, ਪਾਵਨ ਸਰੂਪ ਦੇ ਪੋਸ਼ਾਕ (ਰੁਮਾਲਾ ਸਾਹਿਬ) ਅਗਨਭੇਟ ਹੋ ਗਏ ਸਨ, ਜਿੰਨਾਂ ਦੀ ਇਤਲਾਹ ਪਿੰਡ ਦੇ ਸਰਪੰਚ ਵੱਲੋਂ ਦਿੱਤੀ ਗਈ, ਜਿਸ ਕਰਕੇ ਅਗਨ ਭੇਟ ਹੋਏ ਸਰੂਪ ਸਾਹਿਬ ਨੂੰ ਸਮੇਂ ਸਿਰ ਅਤੇ ਸਿੱਖ ਰਹਿਤ ਮਰਿਯਾਦਾ ਅਨੁਸਾਰ ਅਗਨ ਭੇਂਟ ਸੇਵਾ ਲਈ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਵੱਲ ਰਵਾਨਾ ਕੀਤੇ ਗਏ।<br><br>ਐਕਟ ਅਤੇ ਰੂਲਾਂ ਦਾ ਮੰਤਵ ਸਪਸ਼ਟ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਵਾਲੇ ਅਤੇ ਮੱਸਾ ਰੰਘੜ ਦੀ ਸੋਚ ਰੱਖਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ਼ ਸਮੇਂ ਸਿਰ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ ਅਤੇ ਉਹਨਾਂ ਉੱਪਰ ਨੱਥ ਪਾਈ ਜਾ ਸਕੇ। |
| 8. | 2008 ਦੇ ਪੰਜਾਬ ਐਕਟ ਨੰਬਰ 21 ਦੀ ਧਾਰਾ 5(1) ਵਿੱਚ ਦਰਜ 'ਬੇਅਦਬੀ ਦੇ ਅਪਰਾਧ ਨੂੰ ਛੱਡ ਕੇ' ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਐਕਟ ਅਧੀਨ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਅਣ-ਅਧਿਕਾਰਿਤ ਪ੍ਰਿੰਟਿੰਗ ਆਦਿ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖ਼ਤ ਸਜਾ ਦੇਣ ਲਈ ਐਕਟ ਦੀ ਧਾਰਾ 5(1) ਬਣਾਈ ਗਈ ਹੈ। ਐਕਟ ਦੀ ਧਾਰਾ 5(1) ਵਿੱਚ ਦਰਜ 'ਬੇਅਦਬੀ ਦੇ ਅਪਰਾਧ ਨੂੰ ਛੱਡ ਕੇ' ਦਾ ਮਤਲਬ ਸਪਸ਼ਟ ਹੈ ਕਿ ਜਿਹੜਾ ਵਿਅਕਤੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਸ਼੍ਰੋਮਣੀ |

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਅਣ-ਅਧਿਕਾਰਿਤ ਪ੍ਰਿੰਟਿੰਗ ਆਦਿ ਕਰਦਾ ਹੈ, ਉਸਨੂੰ 5 ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਐਕਟ ਅਤੇ ਰੂਲ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਤੇ ਮੱਸਾ ਰੰਘੜ ਦੀ ਸੋਚ ਰੱਖਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਲਾਗੂ ਕੀਤੇ ਗਏ ਹਨ। ਇਸ ਲਈ ਬੇਅਦਬੀ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖ਼ਤ ਸਜ਼ਾ ਦੇਣ ਲਈ ਐਕਟ ਦੀ ਧਾਰਾ 5(2) ਤੋਂ 5(5) ਦਾ ਉਪਬੰਧ ਕੀਤਾ ਗਿਆ ਹੈ।

ਇਸ ਐਕਟ ਅਤੇ ਰੂਲਾਂ ਅਧੀਨ ਅਣਜਾਣੇ ਵਿੱਚ ਲਾਪਰਵਾਹੀ ਨਾਲ ਜਾਂ ਬਿਨ੍ਹਾਂ ਕਿਸੇ ਦੁਰਭਾਵਨਾ ਜਾਂ ਅਪਮਾਨ ਕਰਨ ਦੇ ਇਰਾਦੇ ਰਹਿਤ ਹੋਈ ਬੇਅਦਬੀ ਕਾਰਨ ਕਿਸੇ ਵੀ ਸੇਵਾਦਾਰ, ਪਾਠੀ ਸਿੰਘ ਜਾਂ ਗ੍ਰੰਥੀ ਸਿੰਘ ਉੱਪਰ ਲਾਗੂ ਨਹੀਂ ਹੋਣਗੇ।

ਇਸ ਸਬੰਧੀ ਰੂਲਾਂ ਵਿੱਚ ਖਾਸ ਉਪਬੰਧ ਕੀਤੇ ਗਏ ਹਨ ਕਿ ਜਿਹੜੀ ਘਟਨਾ ਅਣਜਾਣੇ ਵਿੱਚ, ਲਾਪਰਵਾਹੀ ਨਾਲ ਜਾਂ ਬਿਨਾਂ ਕਿਸੇ ਜਾਣਬੁੱਝ ਕੇ ਕੀਤੀ ਗਈ ਜਾਂ ਦੁਰਭਾਵਨਾ ਰਹਿਤ ਨੀਅਤ ਦੇ ਕੀਤੀ ਗਈ ਹੋਵੇ ਅਤੇ ਜਿਸ ਵਿੱਚ ਦੋਸ਼ੀ ਮਨੋਭਾਵ (Mens Rea) ਮੌਜੂਦ ਨਾ ਹੋਵੇ, ਉਹ ਐਕਟ ਦੀ ਧਾਰਾ 2(1)(bb) – 'ਬੇਅਦਬੀ' ਦੇ ਦਾਇਰੇ ਵਿੱਚ ਨਹੀਂ ਆਉਂਦੀ।

ਰੂਲ 9 ਕਿਸੇ ਸੇਵਕ ਜਾਂ ਸੇਵਾਦਾਰ ਵਿਰੁੱਧ ਦੋਸ਼ਾਂ ਦੇ ਮਾਮਲੇ ਵਿੱਚ ਸ਼ਰਾਰਤੀ ਅਨਸਰਾਂ ਦੁਆਰਾ ਸਿਆਸੀ ਜਾਂ ਬਦਲਾਖੋਰੀ ਦੀ ਭਾਵਨਾ ਨਾਲ ਲਗਾਏ ਗਏ ਬੇਅਦਬੀ ਦੇ ਝੂਠੇ ਜਾਂ ਮਨਘੜਤ ਦੋਸ਼ਾਂ ਤੋਂ ਬਚਾਉਣ ਲਈ ਸਪੱਸ਼ਟ ਪ੍ਰਕਿਰਿਆਤਮਕ ਸੁਰੱਖਿਆ ਪ੍ਰਦਾਨ ਕਰਦੇ ਹਨ। ਜਿੱਥੇ ਕਿਸੇ ਸੇਵਕ ਜਾਂ ਸੇਵਾਦਾਰ ਜਾਂ ਸੇਵਾ ਵਿੱਚ ਲੱਗੇ ਵਿਅਕਤੀ ਵਿਰੁੱਧ ਬੇਅਦਬੀ ਦਾ ਦੋਸ਼ ਲਗਾਇਆ ਜਾਂਦਾ ਹੈ, ਉੱਥੇ ਹੇਠ ਲਿਖੀ ਪ੍ਰਕਿਰਿਆ ਦੀ ਲਾਜ਼ਮੀ ਤੌਰ 'ਤੇ ਪਾਲਣਾ ਕੀਤੀ ਜਾਵੇਗੀ:

(1) ਜੇਕਰ ਤਫਤੀਸ਼ ਦੇ ਦੌਰਾਨ, ਸਬੂਤ ਕਿਸੇ ਵੀ ਸੇਵਕ ਜਾਂ ਸੇਵਾਦਾਰ ਦੇ ਸਪੱਸ਼ਟ ਤੌਰ 'ਤੇ ਦੋਸ਼ੀ ਹੋਣ ਦਾ ਖੁਲਾਸਾ ਕਰਦੇ ਹਨ, ਤਾਂ ਤਫਤੀਸ਼ੀ ਅਫ਼ਸਰ:

(a) ਉਪਲਬਧ ਸਬੂਤਾਂ ਦਾ ਵੇਰਵਾ ਦਿੰਦੇ ਹੋਏ ਇੱਕ ਵਿਸਤ੍ਰਿਤ ਕੇਸ ਡਾਇਰੀ ਸਮੇਂ-ਸਮੇਂ 'ਤੇ ਸਬੰਧਤ ਜੁਡੀਸ਼ੀਅਲ ਮੈਜਿਸਟ੍ਰੇਟ ਨੂੰ ਭੇਜੇਗਾ, ਜਿਸ ਦਾ ਉਕਤ ਮੈਜਿਸਟ੍ਰੇਟ ਦੁਆਰਾ ਨਿਰੀਖਣ ਅਤੇ ਹਸਤਾਖਰ ਕੀਤੇ ਜਾਣਗੇ; ਅਤੇ

(b) ਇਸਦੇ ਨਾਲ ਹੀ ਕੇਸ ਡਾਇਰੀ ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਨੂੰ ਭੇਜੇਗਾ, ਜੋ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਆਪਣੀ ਸੂਝ-ਬੂਝ ਦਾ ਸੁਤੰਤਰ ਉਪਯੋਗ ਕਰਕੇ ਇਸਦਾ ਮੁਆਇਨਾ ਕਰੇਗਾ।

ਪ੍ਰੰਤੂ ਇਹ ਕਿ ਜੇਕਰ ਨਿਗਰਾਨੀ ਮੁਆਇਨਾ ਨਿਰਧਾਰਤ ਤੀਹ ਦਿਨਾਂ ਦੀ ਮਿਆਦ ਦੇ ਅੰਦਰ ਪੂਰਾ ਨਹੀਂ ਕੀਤਾ ਜਾ ਸਕਦਾ, ਤਾਂ ਉਪਲਬਧ ਸਮੇਂ ਨੂੰ ਹੋਰ ਪੰਦਰਾਂ ਦਿਨਾਂ ਲਈ ਵਧਾਇਆ ਜਾ ਸਕਦਾ ਹੈ, ਜਿਸ ਨਾਲ ਕੁੱਲ ਸੰਚਿਤ ਮਿਆਦ ਪੰਤਾਲੀ ਦਿਨ ਹੋ ਜਾਵੇਗੀ, ਜੋ ਹੇਠ ਲਿਖੀਆਂ ਸ਼ਰਤਾਂ ਦੇ ਅਧੀਨ ਹੈ:

(a) ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਤਫਤੀਸ਼ ਵਿੱਚ ਹੋਈ ਪ੍ਰਗਤੀ ਨੂੰ ਰਿਕਾਰਡ ਕਰੇਗਾ; ਅਤੇ

(b) ਅਜਿਹੇ ਵਾਧੇ ਦੀ ਲੋੜ ਦੇ ਖਾਸ ਕਾਰਨ ਉਕਤ ਅਫ਼ਸਰ ਦੁਆਰਾ ਲਿਖਤੀ ਰੂਪ ਵਿੱਚ ਰਿਕਾਰਡ ਕੀਤੇ ਜਾਣਗੇ।

(2) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਕਾਨੂੰਨੀ ਅਧਿਕਾਰਾਂ ਦੀ ਵਿਧਾਨਕ ਪ੍ਰਕਿਰਤੀ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਪ੍ਰਬੰਧਨ ਸਬੰਧੀ ਜਿੰਮੇਵਾਰੀ ਨੂੰ ਮੁੱਖ ਰੱਖਦਿਆਂ, ਪੁਲਿਸ ਕਪਤਾਨ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਪੁਲਿਸ (ਤਫਤੀਸ਼) ਦੌਰਾਨੇ ਤਫ਼ਤੀਸ਼ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 175, 176 ਅਧੀਨ ਅਤੇ ਪੰਜਾਬ ਪੁਲਿਸ ਰੂਲਜ, 1934 ਦੇ ਅਧਿਆਇ 25 ਦੇ ਰੂਲ 25.2 ਤਹਿਤ ਸਥਾਪਿਤ ਹੋਈ ਕਿਸੇ ਵੀ ਕਸਟੋਡੀਅਨ, ਸੇਵਕ ਜਾਂ ਸੇਵਾਦਾਰ ਦੀ ਦੇਣਦਾਰੀ ਅਤੇ ਜਵਾਬਦੇਹੀ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਲਿਖਤੀ ਸੂਚਨਾ ਭੇਜਣਗੇ, ਜਿਸ ਬਾਬਤ ਸੁਤੰਤਰ ਅਤੇ ਨਿਰਪੱਖ ਤਫਤੀਸ਼ ਮੁਕੰਮਲ ਹੋਣ ਤੇ ਤਫ਼ਤੀਸ਼ੀ ਅਫ਼ਸਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 193 ਹੇਠ ਪੁਲਿਸ ਰਿਪੋਰਟ ਮਾਨਯੋਗ ਕੋਰਟ ਵਿੱਚ ਪੇਸ਼ ਕੀਤੀ ਜਾਵੇਗੀ।

(3) ਸਬੂਤ ਇਕੱਠੇ ਕਰਨ ਦੇ ਕੰਮ ਦੇ ਪੂਰਾ ਹੋਣ 'ਤੇ, ਤਫਤੀਸ਼ੀ ਅਫ਼ਸਰ ਪੂਰਾ ਰਿਕਾਰਡ ਤਿਆਰ ਕਰੇਗਾ ਅਤੇ ਇਸਨੂੰ ਇਹਨਾਂ ਨਿਯਮਾਂ



## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| | | |
|---|---|---|
| | | (d) ਸਿੱਖ ਧਾਰਮਿਕ, ਵਿਦਵਤਾ ਭਰਪੂਰ, ਵਿਦਿਅਕ, ਜਾਂ ਖੋਜ ਸਾਹਿਤ ਨੂੰ ਛੱਡ ਕੇ, ਵਿਆਖਿਆ, ਖੋਜ, ਅਧਿਆਪਨ, ਜਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਦਰਾਂ-ਕੀਮਤਾਂ 'ਤੇ ਆਧਾਰਿਤ ਜੀਵਨ ਪੱਧਰ ਦੇ ਪ੍ਰਚਾਰ ਦੇ ਉਦੇਸ਼ ਲਈ ਗੁਰਬਾਣੀ ਦਾ ਪੁਨਰ-ਪ੍ਰਕਾਸ਼ਨ ਜਾਂ ਹਵਾਲਾ ਦੇਣਾ; ਜਾਂ<br>(e) ਸਾਹਿਤਕ, ਵਿਦਿਅਕ, ਧਾਰਮਿਕ, ਵਿਦਵਤਾ ਭਰਪੂਰ, ਜਾਂ ਖੋਜ ਕਾਰਜਾਂ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀਆਂ ਤਸਵੀਰਾਂ ਜਾਂ ਪ੍ਰਤੀਨਿਧਤਾਵਾਂ ਦੀ ਛਪਾਈ, ਪ੍ਰਕਾਸ਼ਨ, ਜਾਂ ਸਤਿਕਾਰਯੋਗ ਪੁਨਰ-ਪ੍ਰਕਾਸ਼ਨ।<br>ਜਦੋਂ ਵੀ ਤਫਤੀਸ਼ ਦੇ ਦੌਰਾਨ, ਇਹ ਪਤਾ ਲੱਗਦਾ ਹੈ ਜਾਂ ਰਿਪੋਰਟ ਕੀਤੀ ਜਾਂਦੀ ਹੈ ਕਿ ਬੇਅਦਬੀ ਕਰਨ ਵਾਲਾ ਵਿਅਕਤੀ ਅਸਥਿਰ ਮਨੋਦਸ਼ਾ ਦਾ ਹੈ, ਤਾਂ ਤਫਤੀਸ਼ੀ ਅਫ਼ਸਰ ਫੋਰੈਂਸਿਕ ਮਨੋਚਿਕਿਤਸਾ ਮਾਹਰ ਦੁਆਰਾ ਅਜਿਹੇ ਵਿਅਕਤੀ ਦੀ ਮਨੋਵਿਗਿਆਨਕ, ਮਾਨਸਿਕ ਜਾਂ ਡਾਕਟਰੀ ਜਾਂਚ ਅਤੇ ਮੁਲਾਂਕਣ ਲਈ ਉਚਿਤ ਕਦਮ ਚੁੱਕੇਗਾ। ਉਪਰੋਕਤ ਉਦੇਸ਼ ਲਈ ਤਫਤੀਸ਼ੀ ਅਫ਼ਸਰ ਬੇਅਦਬੀ ਕਰਨ ਵਾਲੇ ਦੀ ਮਾਨਸਿਕ ਸਥਿਤੀ ਦੀ ਅਜਿਹੀ ਜਾਂਚ ਅਤੇ ਮੁਲਾਂਕਣ ਲਈ ਮੈਡੀਕਲ ਬੋਰਡ ਗਠਿਤ ਕਰਨ ਲਈ ਸਮਰੱਥ ਅਥਾਰਟੀ ਤੱਕ ਪਹੁੰਚ ਕਰੇਗਾ। ਇਹ ਮੈਡੀਕਲ ਬੋਰਡ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਹੇਠ ਗਠਿਤ ਕੀਤਾ ਜਾਵੇਗਾ। ਮਾਨਸਿਕ ਸਿਹਤ ਸੰਭਾਲ ਐਕਟ, 2017 (Mental Healthcare Act, 2017) ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀਆਂ ਧਾਰਾਵਾਂ 367 ਤੋਂ 378 ਵਿੱਚ ਸ਼ਾਮਲ ਉਪਬੰਧਾਂ ਅਤੇ ਕਾਨੂੰਨ ਦੀ ਉਚਿਤ ਪ੍ਰਕਿਰਿਆ ਦੇ ਅਨੁਸਾਰ ਮੈਡੀਕਲ ਬੋਰਡ ਬੇਅਦਬੀ ਕਰਨ ਵਾਲੇ ਦੀ ਮਾਨਸਿਕ ਸਥਿਤੀ ਦੀ ਜਾਂਚ ਅਤੇ ਮੁਲਾਂਕਣ ਕਰੇਗਾ। ਅਜਿਹੀ ਜਾਂਚ ਅਤੇ ਮੁਲਾਂਕਣ ਤੋਂ ਬਾਅਦ ਮੈਡੀਕਲ ਬੋਰਡ ਤਫਤੀਸ਼ੀ ਅਫ਼ਸਰ ਨੂੰ ਰਿਪੋਰਟ ਸੌਂਪੇਗਾ, ਜੋ ਨਿਯਤ ਪ੍ਰਕਿਰਿਆ ਅਨੁਸਾਰ ਅਗਲੀ ਕਾਰਵਾਈ ਕਰੇਗਾ। |
| 3. | "ਯੂਨੀਕ ਆਈਡੈਂਟੀਫਿਕੇਸ਼ਨ ਨੰਬਰ" ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ "ਯੂਨੀਕ ਆਈਡੈਂਟੀਫਿਕੇਸ਼ਨ ਨੰਬਰ" ਨੂੰ ਐਕਟ ਵਿੱਚ ਉਪਬੰਧ ਕਰਨ ਦਾ ਮੰਤਵ ਇਹ ਹੈ ਕਿ ਪੰਥ ਦੇ ਹਿੱਤ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ |

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

(ਅ) ਨਗਰ ਕੀਰਤਨ, ਆਨੰਦ ਕਾਰਜ ਜਾਂ ਕਿਸੇ ਹੋਰ ਧਾਰਮਿਕ ਸਮਾਗਮ ਜਾਂ ਰਸਮ ਦੌਰਾਨ ਕੀਤੀ ਗਈ ਫੋਟੋਗ੍ਰਾਫੀ, ਵੀਡੀਓਗ੍ਰਾਫੀ, ਪ੍ਰਸਾਰਣ ਜਾਂ ਲਾਈਵ ਪ੍ਰਸਾਰਣ।

(ੲ) ਘਰੇਲੂ ਨਿਵਾਸ ਜਾਂ ਕਿਸੇ ਹੋਰ ਅਜਿਹੇ ਸਥਾਨ 'ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਸਤਿਕਾਰ ਸਹਿਤ ਪ੍ਰਕਾਸ਼, ਸੁੱਖਆਸਨ, ਸੇਵਾ ਜਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਕੀਤੀ ਜਾਣ ਵਾਲੀ ਕੋਈ ਵੀ ਧਾਰਮਿਕ ਕਾਰਵਾਈ।

(ii) ਕਿਸੇ ਸੇਵਕ ਜਾਂ ਸੇਵਾਦਾਰ ਨੂੰ ਕਿਸੇ ਵੀ ਅਜਿਹੇ ਕਾਰਜ ਜਾਂ ਭੁੱਲ ਲਈ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜੇਕਰ ਅਜਿਹਾ ਕਾਰਜ ਜਾਂ ਭੁੱਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਦੌਰਾਨ ਨੇਕ ਨੀਅਤ ਨਾਲ ਕੀਤੀ ਗਈ ਸੀ।

ਕੋਈ ਵੀ ਸੇਵਕ ਜਾਂ ਸੇਵਾਦਾਰ ਜੋ ਸਬੰਧਤ ਪ੍ਰਬੰਧਕੀ ਅਥਾਰਟੀ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਕਿਸੇ ਵੀ ਅਣਜਾਣੇ ਵਿੱਚ ਜਾਂ ਅਚਾਨਕ ਹੋਈ ਘਟਨਾ ਦੀ ਖੁਦ ਰਿਪੋਰਟ ਕਰਦਾ ਹੈ ਅਤੇ ਉਚਿਤ ਸੁਧਾਰਾਤਮਕ ਕਦਮ ਚੁੱਕਦਾ ਹੈ, ਉਸ ਬਾਰੇ ਇਹ ਮੰਨਿਆ ਜਾਵੇਗਾ ਕਿ ਉਸਨੇ ਇਸ ਧਾਰਾ ਦੇ ਉਦੇਸ਼ਾਂ ਲਈ ਨੇਕ ਨੀਅਤ ਨਾਲ ਕੰਮ ਕੀਤਾ ਹੈ;

ਕੋਈ ਵੀ ਸੇਵਕ ਜਾਂ ਸੇਵਾਦਾਰ ਨੂੰ ਉੱਥੇ ਵੀ ਨੇਕ ਨੀਅਤ ਨਾਲ ਕੰਮ ਕਰਨ ਵਾਲਾ ਮੰਨਿਆ ਜਾਵੇਗਾ ਜਿੱਥੇ ਉਸਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਵਿੱਚ ਉਚਿਤ ਦੇਖਭਾਲ, ਤਤਪਰਤਾ ਅਤੇ ਸਥਾਪਿਤ ਧਾਰਮਿਕ ਪ੍ਰੋਟੋਕੋਲ ਅਤੇ ਭਾਈਚਾਰਕ ਮਾਪਦੰਡਾਂ ਦੀ ਪਾਲਣਾ ਕੀਤੀ ਹੋਵੇ।

ਸਪੱਸ਼ਟੀਕਰਨ: ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ, ਜਿਸ ਵਿੱਚ ਸੇਵਕ ਜਾਂ ਸੇਵਾਦਾਰ, ਅਧਿਆਪਕ, ਵਿਦਵਾਨ, ਜਾਂ ਨੇਕ ਨੀਅਤ ਨਾਲ ਧਾਰਮਿਕ, ਵਿਦਿਅਕ, ਜਾਂ ਸਮਾਜਿਕ ਭਲਾਈ ਦੀਆਂ ਗਤੀਵਿਧੀਆਂ ਵਿੱਚ ਲੱਗੇ ਵਿਅਕਤੀ ਸ਼ਾਮਲ ਹਨ, ਨੂੰ ਕੋਈ ਪਰੇਸ਼ਾਨੀ ਨਾ ਹੋਵੇ; ਜਾਂ ਮਨੁੱਖਤਾ ਦੇ ਭਲੇ ਲਈ ਗੁਰਬਾਣੀ ਦੇ ਬ੍ਰਹਮ ਅਤੇ ਵਿਸ਼ਵਵਿਆਪੀ ਸੰਦੇਸ਼ ਦੇ ਕਾਨੂੰਨੀ ਅਧਿਆਪਨ, ਪ੍ਰਸਾਰ ਜਾਂ ਪ੍ਰਚਾਰ ਵਿੱਚ ਲੱਗੇ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ।

ਨੋਟ: (1) ਐਕਟ ਜਾਂ ਇਹਨਾਂ ਨਿਯਮਾਂ ਵਿੱਚ ਸ਼ਾਮਲ ਕੋਈ ਵੀ ਉਪਬੰਧ, ਕਿਸੇ ਵੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਕਰ ਰਹੇ ਅਜਿਹੇ ਸੇਵਕ ਜਾਂ ਸੇਵਾਦਾਰ ਦੇ ਸਤਿਕਾਰ ਅਤੇ ਸ਼ਰਧਾ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਨਹੀਂ ਮੰਨਿਆ ਜਾਵੇਗਾ ਅਤੇ ਨਾ ਹੀ ਇਹ ਕਿਸੇ ਸ਼ਰਧਾਲੂ ਦੇ ਵਿਸ਼ਵਾਸ ਦੇ ਪਵਿੱਤਰ, ਨਿੱਜੀ ਰਿਸ਼ਤੇ ਵਿੱਚ ਦਖਲ ਦੇਵੇਗੀ ਜਾਂ ਸਿੱਖ ਰਹਿਤ ਮਰਿਆਦਾ ਦੇ ਸਿਧਾਂਤਾਂ ਨੂੰ ਨਿਰਧਾਰਤ ਕਰੇਗੀ। ਇੱਕਮਾਤਰ ਕਾਨੂੰਨੀ ਉਦੇਸ਼ ਤਫਤੀਸ਼ੀ ਅਫ਼ਸਰ ਨੂੰ ਉਹਨਾਂ ਸ਼ਰਾਰਤੀ ਅਨਸਰਾਂ ਦੇ ਦੋਸ਼ ਸਥਾਪਿਤ ਕਰਨ ਲਈ ਸਮਰੱਥ ਬਣਾਉਣਾ ਹੈ ਜੋ ਜਾਣਬੁੱਝ ਕੇ ਜਾਂ ਮੰਦਭਾਗੀ ਮਾਨਸਿਕ ਸਥਿਤੀ (ਦੋਸ਼ੀ ਮਨ) ਨਾਲ ਬੇਅਦਬੀ ਦੇ ਘਿਨਾਉਣੇ ਕਾਰੇ ਕਰਦੇ ਹਨ, ਅਤੇ ਅਜਿਹੇ ਸ਼ਰਾਰਤੀ ਅਨਸਰਾਂ ਦੀ ਪੂਰੀ ਤਰ੍ਹਾਂ ਤਫਤੀਸ਼ ਕਰਨਾ ਅਤੇ ਉਹਨਾਂ ਨੂੰ ਸਜ਼ਾ ਦੇਣਾ ਹੈ।

(2) ਐਕਟ ਜਾਂ ਇਹਨਾਂ ਨਿਯਮਾਂ ਵਿੱਚ ਸ਼ਾਮਲ ਕੋਈ ਵੀ ਗੱਲ ਹੇਠ ਲਿਖੀਆਂ ਗਤੀਵਿਧੀਆਂ ਨੂੰ ਸੀਮਤ, ਨਿਯੰਤਰਿਤ ਜਾਂ ਵਰਜਿਤ ਨਹੀਂ ਕਰੇਗੀ:

(a) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਤੋਂ ਇਲਾਵਾ ਕਿਸੇ ਵੀ ਹੋਰ ਰੂਪ ਵਿੱਚ ਗੁਰਬਾਣੀ ਦੀ ਛਪਾਈ, ਪ੍ਰਕਾਸ਼ਨ, ਵੰਡ ਜਾਂ ਪ੍ਰਸਾਰ;

(b) ਅਖ਼ਬਾਰਾਂ, ਲੇਖਾਂ, ਕਿਤਾਬਾਂ, ਰਸਾਲਿਆਂ, ਵਿਦਿਅਕ, ਸਾਹਿਤਕ, ਧਾਰਮਿਕ, ਜਾਂ ਖੋਜ ਕਾਰਜਾਂ ਵਿੱਚ ਗੁਰਬਾਣੀ ਦਾ ਪ੍ਰਕਾਸ਼ਨ ਜਾਂ ਪੁਨਰ-ਪ੍ਰਕਾਸ਼ਨ;

(c) ਗੁਰਬਾਣੀ ਨਾਲ ਅਕਾਦਮਿਕ, ਸਾਹਿਤਕ, ਵਿਦਵਤਾ ਭਰਪੂਰ, ਧਾਰਮਿਕ, ਜਾਂ ਵਿਦਿਅਕ ਲਗਾਵ;

(d) ਸਿੱਖ ਧਾਰਮਿਕ, ਵਿਦਵਤਾ ਭਰਪੂਰ, ਵਿਦਿਅਕ, ਜਾਂ ਖੋਜ ਸਾਹਿਤ ਨੂੰ ਛੱਡ ਕੇ, ਵਿਆਖਿਆ, ਖੋਜ, ਅਧਿਆਪਨ, ਜਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਦਰਾਂ-ਕੀਮਤਾਂ 'ਤੇ ਆਧਾਰਿਤ ਜੀਵਨ ਪੱਧਰ ਦੇ ਪ੍ਰਚਾਰ ਦੇ ਉਦੇਸ਼ ਲਈ ਗੁਰਬਾਣੀ ਦਾ ਪੁਨਰ-ਪ੍ਰਕਾਸ਼ਨ ਜਾਂ ਹਵਾਲਾ ਦੇਣਾ; ਜਾਂ

(e) ਸਾਹਿਤਕ, ਵਿਦਿਅਕ, ਧਾਰਮਿਕ, ਵਿਦਵਤਾ ਭਰਪੂਰ, ਜਾਂ ਖੋਜ ਕਾਰਜਾਂ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ



## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV

| | | |
|---|---|---|
| | | ਦੀਆਂ ਤਸਵੀਰਾਂ ਜਾਂ ਪ੍ਰਤੀਨਿਧਤਾਵਾਂ ਦੀ ਛਪਾਈ, ਪ੍ਰਕਾਸ਼ਨ, ਜਾਂ ਸਤਿਕਾਰਯੋਗ ਪੁਨਰ-ਪ੍ਰਕਾਸ਼ਨ। |
| 9. | 2008 ਦੇ ਪੰਜਾਬ ਐਕਟ ਨੰਬਰ 21 ਵਿੱਚ ਧਾਰਾ 6A ਨੂੰ ਜੋੜਣ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਬੰਧੀ ਮੰਨੀ ਪ੍ਰਮੰਨੀ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਰੂਲ ਬਣਾਉਣ ਵਿੱਚ ਰਾਜ ਸਰਕਾਰ ਕੋਲ ਕੋਈ ਅਖਤਿਆਰੀ ਸ਼ਕਤੀ ਨਹੀਂ ਹੈ।<br>ਰੂਲ 16 ਵਿੱਚ ਸਪਸ਼ਟ ਹੈ ਕਿ ਜੇਕਰ ਇਹਨਾਂ ਨਿਯਮਾਂ ਦੀ ਵਿਆਖਿਆ ਬਾਰੇ ਕੋਈ ਸਵਾਲ ਉੱਠਦਾ ਹੈ, ਤਾਂ ਰਾਜ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨਾਲ ਸਲਾਹ ਕਰੇਗੀ ਅਤੇ ਸਿੱਖ ਰਹਿਤ ਮਰਿਯਾਦਾ ਦੇ ਅਨੁਸਾਰ ਇਸਦਾ ਫੈਸਲਾ ਕਰੇਗੀ।<br>ਇਸ ਦੇ ਨਾਲ ਇਹ ਵੀ ਜ਼ਿਕਰ ਕਰਨਾ ਲਾਜ਼ਮੀ ਹੈ ਕਿ ਰੂਲਾਂ ਵਿੱਚ ਇਹ ਸਪਸ਼ਟ ਤੌਰ ਤੇ ਵਿਸੇਸ਼ ਉਪਬੰਧ ਕੀਤਾ ਗਿਆ ਹੈ ਕਿ ਕਿਸੇ ਵੀ ਜਨਤਕ ਅਥਾਰਟੀ ਕੋਲ ਸਿੱਖ ਰਹਿਤ ਮਰਿਯਾਦਾ ਦੀ ਪਾਲਣਾ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ, ਭੂਮਿਕਾ ਜਾਂ ਸ਼ਕਤੀ ਨਹੀਂ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਇੱਕਮਾਤਰ ਅਧਿਆਤਮਿਕ ਅਤੇ ਸੰਸਾਰਕ ਸਰਪ੍ਰਸਤੀ ਅਧੀਨ ਹੋਵੇਗੀ।<br>ਜਨਤਕ ਅਥਾਰਟੀ ਦੀ ਭੂਮਿਕਾ ਸਿਰਫ਼ ਜਨਤਕ ਵਿਵਸਥਾ ਨੂੰ ਬਣਾਈ ਰੱਖਣ, ਨਿਆ ਯਕੀਨੀ ਬਣਾਉਣ ਅਤੇ ਬੇਅਦਬੀ ਦੀ ਕਿਸੇ ਵੀ ਘਟਨਾ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕਰਨ ਤੱਕ ਸੀਮਤ ਹੈ। |
| 10. | ਡੇਰੇ/ਸਮੂਹ ਦਾ ਪੈਰੋਕਾਰ ਜਾਂ ਡੇਰੇ/ਸਮੂਹ ਨਾਲ ਸਬੰਧਤ ਕੋਈ ਵਿਅਕਤੀ ਬੇਅਦਬੀ ਕਰਦਾ ਹੈ ਤਾਂ ਸ਼ਿਕਾਇਤਕਰਤਾ ਸੰਗਤ ਦੇ ਬਿਆਨਾਂ ਅਨੁਸਾਰ ਸਬੰਧਤ ਡੇਰੇ/ਸਮੂਹ ਦੇ ਮੁਖੀ ਨੂੰ ਵੀ ਪਰਚੇ ਵਿੱਚ ਨਾਮਜ਼ਦ ਕੀਤਾ ਜਾਵੇ ਅਤੇ ਅਪਰਾਧ ਦੀ ਜੜ੍ਹ ਤੱਕ ਪਹੁੰਚਿਆ ਜਾਵੇ ਤਾਂ ਜੋ ਡੇਰੇ/ਸਮੂਹ ਵੱਲੋਂ ਕੀਤੀ ਗਈ ਸਾਜਿਸ਼ ਦਾ ਪਰਦਾਫਾਸ਼ ਕੀਤਾ ਜਾ ਸਕੇ। | ਨਿਮਰਤਾ ਸਹਿਤ ਬੇਨਤੀ ਹੈ ਕਿ ਐਕਟ ਦੀ ਧਾਰਾ 2(1)(aa) ਅਧੀਨ "ਕਸਟੋਡੀਅਨ" ਨੂੰ ਪਰਿਭਾਸ਼ਿਤ ਕਰਨ ਦਾ ਮੰਤਵ ਇਹ ਹੀ ਹੈ ਕਿ ਡੇਰੇ/ਸਮੂਹ/ਸੰਪ੍ਰਦਾਇ ਵੱਲੋਂ ਸਾਜਿਸ਼ ਰਾਹੀਂ ਜਾਂ ਪੈਰੋਕਾਰਾਂ ਜਾਂ ਚੇਲਿਆਂ ਨੂੰ ਉਕਸਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਕਰਦਾ ਹੈ ਤਾਂ ਉਹ ਇਸ ਧਾਰਾ ਦੇ ਅਧੀਨ ਕਸਟੋਡੀਅਨ ਮੰਨਿਆ ਜਾਵੇਗਾ ਅਤੇ ਰੂਲਾਂ ਵਿੱਚ ਵੀ ਇਹ ਸਪਸ਼ਟ ਕੀਤਾ ਗਿਆ ਹੈ ਕਿ "ਸੰਸਥਾ" ਤੋਂ ਭਾਵ ਐਕਟ ਦੀ ਧਾਰਾ 2(1)(aa) ਅਧੀਨ "ਕਸਟੋਡੀਅਨ" ਦੀ ਇੱਕ ਕਾਨੂੰਨੀ ਸ਼੍ਰੇਣੀ ਹੈ। |

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



| | | |
|---|---|---|
| | | ਹੋਵੇ ਜਾਂ ਕਾਨੂੰਨੀ ਤੌਰ 'ਤੇ ਸੌਂਪਿਆ ਗਿਆ ਹੋਵੇ ਜਾਂ ਜੋ ਕਾਨੂੰਨੀ ਤੌਰ 'ਤੇ ਉਸ ਦੇ ਕੋਲ ਹੋਵੇ, ਭਾਵੇਂ ਉਹ ਵੰਡ ਅਤੇ ਸਪਲਾਈ ਦੀ ਪ੍ਰਕਿਰਿਆ ਰਾਹੀਂ ਜਾਂ ਦਾਨ, ਉੱਤਰਾਧਿਕਾਰ, ਤਬਾਦਲੇ, ਵਿਰਾਸਤ, ਅਦਾਲਤੀ ਹੁਕਮ ਜਾਂ ਕਿਸੇ ਹੋਰ ਕਾਨੂੰਨੀ ਢੰਗ ਰਾਹੀਂ ਪ੍ਰਾਪਤ ਕੀਤਾ ਗਿਆ ਹੋਵੇ, ਅਤੇ ਜੋ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਸੁਰੱਖਿਆ ਜਾਂ ਭੌਤਿਕ ਸੁਰੱਖਿਆ ਲਈ ਜ਼ਿੰਮੇਵਾਰ ਹੋਵੇ ਅਤੇ ਜੋ ਆਪਣੇ ਅਧਿਕਾਰ, ਨਿਗਰਾਨੀ ਜਾਂ ਪ੍ਰਬੰਧ ਅਧੀਨ, ਭਾਵੇਂ ਸਿੱਧੇ ਤੌਰ 'ਤੇ ਜਾਂ ਕਿਸੇ ਅਹੁਦੇਦਾਰ, ਪ੍ਰਬੰਧਕ ਜਾਂ ਕਰਮਚਾਰੀ ਰਾਹੀਂ, ਸਿੱਖ ਰਹਿਤ ਮਰਯਾਦਾ ਅਨੁਸਾਰ ਸਤਿਕਾਰ-ਸਹਿਤ ਸੇਵਾ-ਸੰਭਾਲ ਦਾ ਪ੍ਰਬੰਧ ਕਰਦੀ ਹੋਵੇ, ਉਸ ਦਾ ਪ੍ਰਸ਼ਾਸਨ ਕਰਦੀ ਹੋਵੇ, ਉਸ ਨੂੰ ਕਾਇਮ ਰੱਖਦੀ ਹੋਵੇ, ਉਸ ਦਾ ਨਿਭਾਅ ਕਰਦੀ ਹੋਵੇ ਜਾਂ ਉਸ ਦੀ ਪਾਲਣਾ ਨੂੰ ਯਕੀਨੀ ਬਣਾਉਂਦੀ ਹੋਵੇ।<br>ਐਕਟ ਅਤੇ ਰੂਲ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਵਾਲੇ ਅਤੇ ਮੱਸਾ ਰੰਘੜ ਦੀ ਸੋਚ ਰੱਖਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਲਾਗੂ ਕੀਤੇ ਗਏ ਹਨ।<br>ਇਹ ਯਕੀਨੀ ਬਣਾਉਣ ਲਈ ਕਿ ਬੱਚਿਆਂ, ਨਾਬਾਲਗਾਂ ਅਤੇ ਅਪਾਹਜਾਂ ਜਾਂ ਦਿਵਿਆਂਗਾਂ ਵਰਗੇ ਭੋਲੇ-ਭਾਲੇ ਵਿਅਕਤੀਆਂ ਦਾ ਸ਼ਰਾਰਤੀ ਅਨਸਰਾਂ ਦੁਆਰਾ ਕਿਸੇ ਭੈੜੀ ਯੋਜਨਾ ਅਤੇ ਡੂੰਘੀ ਸਾਜ਼ਿਸ਼ ਤਹਿਤ ਖੁਦ ਬੇਅਦਬੀ ਕਰਨ ਜਾਂ ਉਕਤ ਭੋਲੇ-ਭਾਲੇ ਵਿਅਕਤੀਆਂ ਰਾਹੀਂ ਬੇਅਦਬੀ ਕਰਵਾਉਣ ਲਈ ਸ਼ੋਸ਼ਣ ਨਾ ਕੀਤਾ ਜਾਵੇ, ਤਫਤੀਸ਼ੀ ਅਫ਼ਸਰ ਲਈ ਅਜਿਹੇ ਘਿਨਾਉਣੇ, ਭੈੜੇ, ਮੰਦਭਾਗੇ ਅਤੇ ਬੇਅਦਬੀ ਦੇ ਕਾਰੇ ਪਿੱਛੇ ਮਾਨਸਿਕ ਸਥਿਤੀ (ਦੋਸ਼ੀ ਮਨੋਦਸ਼ਾ) ਅਤੇ ਅਪਰਾਧਿਕ ਕਾਰਵਾਈ ਤੇ ਡੂੰਘੀ ਸਾਜ਼ਿਸ਼ ਦਾ ਪਰਦਾਫਾਸ਼ ਕਰਨਾ ਜ਼ਰੂਰੀ ਹੈ ਤਾਂ ਜੋ ਅਜਿਹੇ ਸ਼ਰਾਰਤੀ ਅਨਸਰਾਂ 'ਤੇ ਲਗਾਮ ਲਗਾਈ ਜਾ ਸਕੇ, ਕਿਉਂਕਿ ਇਨ੍ਹਾਂ ਸ਼ਰਾਰਤੀ ਅਨਸਰਾਂ ਦਾ ਬੇਅਦਬੀ ਵਾਲਾ ਕਾਰਾ ਪੰਜਾਬ ਵਰਗੇ ਸਰਹੱਦੀ ਰਾਜ ਵਿੱਚ ਸ਼ਾਂਤੀ ਲਈ ਇੱਕ ਸਰਾਪ ਹੈ, ਕਿਉਂਕਿ ਇਸਦਾ ਸਿੱਧਾ ਅਸਰ ਅੰਦਰੂਨੀ ਸੁਰੱਖਿਆ ਦੀਆਂ ਬਰੀਕੀਆਂ ਅਤੇ ਗਤੀਸ਼ੀਲਤਾ 'ਤੇ ਪੈਂਦਾ ਹੈ। |
| 11. | ਵਿਸ਼ੇਸ਼ ਫਾਸਟ-ਟ੍ਰੈਕ ਅਦਾਲਤਾਂ ਨੂੰ ਸਥਾਪਿਤ ਕਰਨ ਸਬੰਧੀ। | ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸਬੰਧੀ ਰਾਜ ਸਰਕਾਰ ਵੱਲੋਂ ਸਮੇਂ ਸਿਰ ਉਚਿਤ ਕਦਮ ਉਠਾਏ ਜਾਣਗੇ। |



# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| | | |
|---|---|---|
| | (ਅਹਿਮ ਨੁਕਤਾ 2) | **ਰੂਲ 11** ਵਿੱਚ ਮੁਕੱਦਮੇ ਲਈ ਮਨਜ਼ੂਰੀ ਸਬੰਧੀ ਉਪਬੰਧ ਕੀਤੇ ਗਏ ਹਨ: —<br>(1) ਗ੍ਰਹਿ ਮਾਮਲੇ ਵਿਭਾਗ ਵਿੱਚ ਰਾਜ ਸਰਕਾਰ ਦੀ ਮੁਕੱਦਮੇ ਲਈ ਪੂਰਵ ਮਨਜ਼ੂਰੀ ਤੋਂ ਬਿਨਾਂ ਕੋਈ ਵੀ ਅਦਾਲਤ ਐਕਟ ਦੇ ਤਹਿਤ ਕੀਤੇ ਗਏ ਕਿਸੇ ਵੀ ਅਪਰਾਧ ਜਾਂ ਅਪਰਾਧਾਂ ਦਾ ਨੋਟਿਸ ਨਹੀਂ ਲਵੇਗੀ।<br>(2) ਤਫਤੀਸ਼ ਪੂਰੀ ਹੋਣ 'ਤੇ, ਤਫਤੀਸ਼ੀ ਅਫ਼ਸਰ ਬਹੱਤਰ ਘੰਟਿਆਂ ਦੇ ਅੰਦਰ ਰਾਜ ਸਰਕਾਰ ਤੋਂ ਮਨਜ਼ੂਰੀ ਲਈ ਅਰਜ਼ੀ ਦੇਵੇਗਾ ਅਤੇ ਮੁਕੱਦਮੇ ਲਈ ਮਨਜ਼ੂਰੀ ਦੇਣ ਤੋਂ ਪਹਿਲਾਂ, ਜੇਕਰ ਰਾਜ ਸਰਕਾਰ ਜ਼ਰੂਰੀ ਸਮਝਦੀ ਹੈ, ਤਾਂ ਉਹ ਤਫਤੀਸ਼ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਜਾਂ ਸਮੱਗਰੀ ਦੇ ਸੁਤੰਤਰ ਮੁਲਾਂਕਣ ਲਈ ਕੇਸ ਨੂੰ ਦੋ-ਮੈਂਬਰੀ ਕਮੇਟੀ ਕੋਲ ਭੇਜੇਗੀ, ਜਿਸ ਵਿੱਚ ਸ਼ਾਮਲ ਹੋਣਗੇ: -<br>(i) ਲੀਗਲ ਰੀਮੈਂਬਰੈਂਸਰ, ਪੰਜਾਬ;<br>(ii) ਡਾਇਰੈਕਟਰ, ਪ੍ਰੋਸੀਕਿਊਸ਼ਨ ਐਂਡ ਲਿਟੀਗੇਸ਼ਨ, ਪੰਜਾਬ;<br>(3) ਉਪਰੋਕਤ ਦੋ-ਮੈਂਬਰੀ ਕਮੇਟੀ ਤਫਤੀਸ਼ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਜਾਂ ਸਮੱਗਰੀ ਦਾ ਤਰਜੀਹੀ ਤੌਰ 'ਤੇ ਚੌਦਾਂ ਦਿਨਾਂ ਦੀ ਮਿਆਦ ਦੇ ਅੰਦਰ ਸੁਤੰਤਰ ਮੁਲਾਂਕਣ ਕਰੇਗੀ। ਇਸ ਤੋਂ ਇਲਾਵਾ, ਗ੍ਰਹਿ ਮਾਮਲੇ ਵਿਭਾਗ ਵਿੱਚ ਰਾਜ ਸਰਕਾਰ ਅਗਲੇ ਸੱਤ ਦਿਨਾਂ ਦੀ ਮਿਆਦ ਦੇ ਅੰਦਰ ਮਨਜ਼ੂਰੀ ਦੇਣ ਜਾਂ ਨਾ ਦੇਣ ਦਾ ਫੈਸਲਾ ਲਵੇਗੀ;<br>ਬੇਸ਼ਰਤੇ ਕਿ ਉਪਰੋਕਤ ਦੋ-ਮੈਂਬਰੀ ਕਮੇਟੀ ਦੁਆਰਾ ਸਬੂਤਾਂ ਦੇ ਮੁਲਾਂਕਣ ਅਤੇ ਰਾਜ ਸਰਕਾਰ ਦੁਆਰਾ ਮਨਜ਼ੂਰੀ ਦੇਣ ਦੇ ਫੈਸਲੇ ਦੀ ਉਪਰੋਕਤ ਪ੍ਰਕਿਰਿਆ ਲਈ ਸਮਾਂ ਸੀਮਾ ਤਰਜੀਹੀ ਤੌਰ 'ਤੇ ਇੱਕੀ ਦਿਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।<br>**ਰੂਲ 12** ਵਿੱਚ ਤੇਜ਼ੀ ਨਾਲ ਸੁਣਵਾਈ ਸਬੰਧੀ ਉਪਬੰਧ ਕੀਤੇ ਗਏ ਹਨ: — (1) ਇਹਨਾਂ ਨਿਯਮਾਂ ਦੇ ਤਹਿਤ ਹਰੇਕ ਮੁਕੱਦਮੇ ਦੀ ਸੁਣਵਾਈ ਰੋਜ਼ਾਨਾ ਦਿਨ-ਪ੍ਰਤੀ-ਦਿਨ ਕੀਤੀ ਜਾਵੇਗੀ, ਅਤੇ ਦੋਸ਼ ਤੈਅ ਕਰਨ ਦੀ ਮਿਤੀ ਤੋਂ ਤਰਜੀਹੀ ਤੌਰ 'ਤੇ ਛੇ ਮਹੀਨਿਆਂ ਦੀ ਮਿਆਦ ਦੇ ਅੰਦਰ ਮੁਕੱਦਮੇ ਦਾ ਅੰਤਿਮ ਫੈਸਲਾ ਕਰਨ ਲਈ ਸਾਰੇ ਉਚਿਤ ਕਦਮ ਚੁੱਕੇ ਜਾਣਗੇ। |

## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



| | | |
|---|---|---|
| | | (2) ਤਫਤੀਸ਼ੀ ਅਫ਼ਸਰ ਅਤੇ ਪ੍ਰੋਸੀਕਿਊਟਿੰਗ ਏਜੰਸੀ (ਸਰਕਾਰੀ ਪੱਖ) ਪਹਿਲੇ ਉਪਲਬਧ ਮੌਕੇ 'ਤੇ ਸਰਕਾਰੀ ਗਵਾਹਾਂ ਦੀ ਹਾਜ਼ਰੀ ਯਕੀਨੀ ਬਣਾਉਣਗੇ ਅਤੇ ਬੇਲੋੜੇ ਮੁਲਤਵੀ ਜਾਂ ਪ੍ਰਕਿਰਿਆਤਮਕ ਰੁਕਾਵਟਾਂ ਤੋਂ ਬਚਣ ਲਈ ਬਿਨਾਂ ਕਿਸੇ ਦੇਰੀ ਦੇ ਸਬੂਤ ਪੇਸ਼ ਕਰਨਗੇ।<br><br>(3) ਇਨ੍ਹਾਂ ਨਿਯਮਾਂ ਅਧੀਨ ਕੋਈ ਵੀ ਤਫਤੀਸ਼, ਮੁਕੱਦਮਾ ਜਾਂ ਹੋਰ ਕਾਰਵਾਈ ਕੇਵਲ ਇਸ ਕਾਰਨ ਅਵੈਧ ਜਾਂ ਨਿਰਸਤ ਨਹੀਂ ਮੰਨੀ ਜਾਵੇਗੀ ਕਿ ਤਫਤੀਸ਼ ਜਾਂ ਮੁਕੱਦਮੇ ਦੀ ਕਾਰਵਾਈ ਨਿਰਧਾਰਤ ਮਿਆਦ ਦੇ ਅੰਦਰ ਜਾਂ ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਮੁਕੰਮਲ ਨਹੀਂ ਕੀਤੀ ਗਈ। |
| 12. | ਸੇਵਾਦਾਰ ਧਿਰਾਂ ਲਈ ਕਿਸੇ ਕਿਸਮ ਦੀ ਸੁਰੱਖਿਆ ਜਾਂ ਆਤਮਰੱਖਿਆ ਲਈ ਮੱਦ ਜਾਂ ਪ੍ਰਬੰਧ ਮੌਜੂਦ ਨਹੀਂ ਹੈ।<br><br>(ਅਹਿਮ ਨੁਕਤਾ 3) | ਨਿਮਰਤਾ ਸਹਿਤ ਬੇਨਤੀ ਹੈ ਕਿ ਰੂਲਾਂ ਦੇ **ਅਧਿਆਇ** 3 ਵਿੱਚ **ਰੂਲ** 9 **ਅਤੇ** 10 ਰਾਹੀਂ ਸੇਵਾਦਾਰ ਧਿਰਾਂ ਲਈ ਖਾਸ ਅਤੇ ਸਪਸ਼ਟ ਸੁਰੱਖਿਆ ਉਪਾਅ ਕੀਤੇ ਗਏ ਹਨ। ਇਹ ਰੂਲ ਬੇਗੁਨਾਹ ਵਿਅਕਤੀਆਂ, ਸੇਵਕਾਂ ਜਾਂ ਸੇਵਾਦਾਰਾਂ ਨੂੰ ਸ਼ਰਾਰਤੀ ਅਨਸਰਾਂ ਦੁਆਰਾ ਸਿਆਸੀ ਜਾਂ ਬਦਲਾਖੋਰੀ ਦੀ ਭਾਵਨਾ ਨਾਲ ਲਗਾਏ ਗਏ ਬੇਅਦਬੀ ਦੇ ਝੂਠੇ ਜਾਂ ਮਨਘੜਤ ਦੋਸ਼ਾਂ ਤੋਂ ਬਚਾਉਣ ਲਈ ਸਪਸ਼ਟ ਪ੍ਰਕਿਰਿਆਤਮਕ ਸੁਰੱਖਿਆ ਪ੍ਰਦਾਨ ਕਰਦੇ ਹਨ।<br><br>ਐਕਟ ਜਾਂ ਇਹਨਾਂ ਨਿਯਮਾਂ ਵਿੱਚ ਸ਼ਾਮਲ ਕੋਈ ਵੀ ਉਪਬੰਧ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਸਹਿਤ ਸੇਵਾ-ਸੰਭਾਲ ਕਰ ਰਹੇ ਕਿਸੇ ਵੀ ਅਜਿਹੇ ਸੇਵਕ ਜਾਂ ਸੇਵਾਦਾਰ ਦੇ ਸਤਿਕਾਰ ਅਤੇ ਸ਼ਰਧਾ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਨਹੀਂ ਮੰਨਿਆ ਜਾਵੇਗਾ ਅਤੇ ਨਾ ਹੀ ਇਹ ਕਿਸੇ ਸ਼ਰਧਾਲੂ ਦੇ ਵਿਸ਼ਵਾਸ ਦੇ ਪਵਿੱਤਰ, ਨਿੱਜੀ ਰਿਸ਼ਤੇ ਵਿੱਚ ਦਖਲ ਦੇਵੇਗਾ ਜਾਂ ਸਿੱਖ ਰਹਿਤ ਮਰਿਯਾਦਾ ਦੇ ਸਿਧਾਂਤਾਂ ਨੂੰ ਨਿਰਧਾਰਤ ਕਰੇਗਾ। ਇੱਕਮਾਤਰ ਕਾਨੂੰਨੀ ਉਦੇਸ਼ ਤਫਤੀਸ਼ੀ ਅਫ਼ਸਰ ਨੂੰ ਉਹਨਾਂ ਸ਼ਰਾਰਤੀ ਅਨਸਰਾਂ ਦੇ ਦੋਸ਼ ਸਥਾਪਿਤ ਕਰਨ ਲਈ ਸਮਰੱਥ ਬਣਾਉਣਾ ਹੈ ਜੋ ਜਾਣਬੁੱਝ ਕੇ ਜਾਂ ਮੰਦਭਾਗੀ ਮਾਨਸਿਕ ਸਥਿਤੀ (ਦੋਸ਼ੀ ਮਨੋਦਸ਼ਾ) ਨਾਲ ਬੇਅਦਬੀ ਦੀ ਘਿਨਾਉਣੀ ਘਟਨਾ ਨੂੰ ਅੰਜਾਮ ਦਿੰਦੇ ਹਨ, ਅਤੇ ਅਜਿਹੇ ਸ਼ਰਾਰਤੀ ਅਨਸਰਾਂ ਦੀ ਸਮੇਂ ਸਿਰ ਤਫਤੀਸ਼ ਕਰਨਾ ਅਤੇ ਉਹਨਾਂ ਨੂੰ ਸਖ਼ਤ ਸਜ਼ਾ ਦੇਣਾ ਹੈ।<br><br>ਇਸ ਤੋਂ ਇਲਾਵਾ ਰੂਲਾਂ ਵਿੱਚ ਇਹ ਵੀ ਉਪਬੰਧ ਕੀਤਾ ਗਿਆ ਹੈ ਕਿ ਤਫ਼ਤੀਸ਼ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਅਤੇ ਸਮੱਗਰੀ ਦਾ ਵੇਰਵਾ |



# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

| | | |
|---|---|---|
| | | ਦਿੰਦੇ ਹੋਏ, ਭਾਰਤੀ ਨਿਆ ਸੰਹਿਤਾ, 2023 ਦੀਆਂ ਧਾਰਾਵਾਂ 34 ਤੋਂ 44 ਦੇ ਉਪਬੰਧ ਤਫਤੀਸ਼ੀ ਅਫਸਰ ਲਈ ਕਿਸੇ ਵਿਅਕਤੀ ਦੁਆਰਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਖਤਰਾ ਜਾਂ ਹੋਣ ਵਾਲੇ ਆਸੰਨ (ਤੁਰੰਤ) ਨੁਕਸਾਨ ਨੂੰ ਰੋਕਣ ਲਈ ਕੀਤੇ ਗਏ ਅਪਰਾਧ ਦੀ ਪ੍ਰਕਿਰਤੀ (ਕਿਸਮ) ਅਤੇ ਗੰਭੀਰਤਾ ਨੂੰ ਨਿਰਧਾਰਤ ਕਰਨ ਅਤੇ ਦੋਸ਼ ਸਿੱਧ ਕਰਨ ਲਈ ਨਾਜ਼ੁਕ ਅਤੇ ਮਹੱਤਵਪੂਰਨ ਹੋਣਗੇ। |
| 13. | 'ਸਟੋਰ', 'ਸਟੋਰੇਜ' ਅਤੇ 'ਸਪਲਾਈ' ਲਫਜਾਂ ਦੀ ਥਾਂ ਸਤਿਕਾਰਤ ਲਫਜ਼ ਸ਼ਾਮਿਲ ਕਰਨ ਸਬੰਧੀ।<br><br>(ਅਹਿਮ ਨੁਕਤਾ 4) | ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਐਕਟ ਅਤੇ ਰੂਲਾਂ ਅਧੀਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਲਈ ਹਰ ਢੁੱਕਵੇਂ ਸ਼ਬਦ ਦੀ ਵਰਤੋਂ ਕੀਤੀ ਗਈ ਹੈ।<br><br>Store ਸ਼ਬਦ 2008 ਵਿੱਚ ਪਾਸ ਕੀਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਵਿੱਚ ਵਰਤਿਆ ਗਿਆ ਸੀ। ਹੁਣ ਇਸ ਦੇ ਬਦਲ ਵਿੱਚ ਢੁੱਕਵੇਂ ਅਤੇ ਸਤਿਕਾਰਤ ਸ਼ਬਦ ਵਰਤੇ ਗਏ ਹਨ ਜਿਵੇਂ ਕਿ Store/Storage ਲਈ 'ਸੱਚਖੰਡ ਅਸਥਾਨ', ਸੁਖ ਆਸਨ ਆਦਿ ਵਰਗੇ ਢੁਕਵੇਂ ਅਤੇ ਸਤਿਕਾਰਤ ਸ਼ਬਦ ਵਰਤੇ ਗਏ ਹਨ।<br><br>ਇੱਥੇ ਜਿਕਰਯੋਗ ਹੈ ਕਿ ਰੂਲਾਂ ਵਿੱਚ ਤਫਤੀਸ਼ੀ ਅਫਸਰ ਨੂੰ ਹਦਾਇਤ ਕੀਤੀ ਗਈ ਹੈ ਕਿ ਸਾਰੇ ਦਸਤਾਵੇਜ਼ਾਂ ਅਤੇ ਸਰਕਾਰੀ ਰਿਕਾਰਡਾਂ ਜਿਵੇਂ ਕਿ ਕੇਸ ਡਾਇਰੀਆਂ, ਬਰਾਮਦਗੀ ਮੀਮੋ, ਰਿਪੋਰਟਾਂ ਅਤੇ ਅੰਤਿਮ ਰਿਪੋਰਟ (ਚਲਾਨ) ਆਦਿ ਵਿੱਚ ਸਤਿਕਾਰਯੋਗ ਅਤੇ ਸ਼ਰਧਾਪੂਰਵਕ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਵੇਗੀ। |
| 14. | ਪਾਵਨ ਬੀੜ, ਸੈਂਚੀ, ਪੋਥੀ ਜਾਂ ਗੁਟਕਾ ਸਾਹਿਬ ਨੂੰ ਕਿਸੇ ਵੀ ਪੁਲਿਸ ਥਾਣੇ ਜਾਂ ਅਦਾਲਤ ਵਿੱਚ ਨਾ ਲਿਜਾਇਆ ਜਾਵੇ।<br><br>(ਅਹਿਮ ਨੁਕਤਾ 5) | ਨਿਮਰਤਾ ਸਹਿਤ ਬੇਨਤੀ ਹੈ ਕਿ **ਰੂਲ 3(8)** ਰਾਹੀਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਾਂ ਉਹਨਾਂ ਦੇ ਕਿਸੇ ਭਾਗ ਨੂੰ ਕਿਸੇ ਵੀ ਅਦਾਲਤ, ਪੁਲਿਸ ਸਟੇਸ਼ਨ ਜਾਂ ਕੋਈ ਹੋਰ ਦਫ਼ਤਰ ਦੇ ਸਾਹਮਣੇ ਭੌਤਿਕ ਤੌਰ 'ਤੇ ਪੇਸ਼ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਇਸਦੀ ਪੇਸ਼ਗੀ ਦੀ ਮੰਗ ਕੀਤੀ ਜਾਵੇਗੀ। |
| 15. | ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਖਾਲਸਾ ਪੰਥ, ਗੁਰੂ ਦੀ ਸੰਗਤ ਉੱਤੇ ਕੋਈ ਵੀ ਨਿਯਮ ਅਤੇ ਮਰਿਯਾਦਾ ਸਿਰਫ ਸ੍ਰੀ | ਨਿਮਰਤਾ ਸਹਿਤ ਬੇਨਤੀ ਹੈ ਕਿ ਸਰਕਾਰ ਦਾ ਸਿੱਖ ਰਹਿਤ ਮਰਯਾਦਾ ਅਤੇ ਪਰੰਪਰਾਵਾਂ ਵਿੱਚ ਦਖ਼ਲ-ਅੰਦਾਜੀ ਕਰਨ ਦਾ ਕੋਈ ਉਦੇਸ਼ ਨਹੀਂ ਹੈ। ਸਿੱਖ ਰਹਿਤ ਮਰਯਾਦਾ ਨਾਲ ਸਬੰਧਤ ਮਸਲੇ ਕੇਵਲ ਸ਼੍ਰੋਮਣੀ |

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



| | | |
|---|---|---|
| | ਅਕਾਲ ਤਖ਼ਤ ਸਾਹਿਬ ਹੀ ਤੈਅ ਕਰ ਸਕਦੇ ਹਨ।<br><br>(ਅਹਿਮ ਨੁਕਤਾ 6) | ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।<br><br>ਸਰਕਾਰ ਦਾ ਸਿੱਖ ਰਹਿਤ ਮਰਯਾਦਾ ਅਤੇ ਪਰੰਪਰਾਵਾਂ ਵਿੱਚ ਦਖ਼ਲ-ਅੰਦਾਜੀ ਕਰਨ ਦਾ ਕੋਈ ਉਦੇਸ਼ ਨਹੀਂ ਹੈ। ਸਿੱਖ ਰਹਿਤ ਮਰਯਾਦਾ ਨਾਲ ਸਬੰਧਤ ਮਸਲੇ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਮੌਜੂਦਾ ਐਕਟ ਅਤੇ ਰੂਲਾਂ ਦਾ ਮੰਤਵ ਕਿਸੇ ਵੀ ਤਰ੍ਹਾਂ ਸਿੱਖ ਰਹਿਤ ਮਰਿਯਾਦਾ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਦੇਣਾ ਨਹੀਂ ਹੈ।<br><br>ਐਕਟ ਜਾਂ ਰੂਲਾਂ ਅਧੀਨ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਨੂੰ ਕਾਨੂੰਨੀ ਉਲੰਘਣਾ ਦਾ ਰੂਪ ਦੇਣ ਸਬੰਧੀ ਕੋਈ ਵੀ ਉਪਬੰਧ ਨਹੀਂ ਹੈ। ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਹੈ ਕਿ ਸ਼ਾਸਨ-ਪ੍ਰਸ਼ਾਸਨ ਕਿਸੇ ਤਰ੍ਹਾਂ ਵੀ ਧਾਰਮਿਕ ਆਸਥਾ ਦੇ ਖੇਤਰ ਵਿੱਚ ਦਖਲਅੰਦਾਜ਼ੀ ਨਹੀਂ ਕਰੇਗਾ ਅਤੇ ਕਿਸੇ ਵਿਅਕਤੀ ਦੀ ਨਿੱਜੀ ਆਸਥਾ ਅਤੇ ਵਿਸ਼ਵਾਸ ਨਾਲ ਜੁੜੇ ਮਾਮਲਿਆਂ ਤੋਂ ਸਿਧਾਂਤਕ ਦੂਰੀ ਬਣਾਈ ਰੱਖੇਗਾ।<br><br>ਰੂਲ 13 ਵਿੱਚ ਇਹ ਉਪਬੰਧ ਕੀਤਾ ਗਿਆ ਹੈ ਕਿ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਵਿੱਚ ਰਾਜ ਸਰਕਾਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੈ। ਇਹ ਨਿਯਮ ਇਹ ਮੰਨਦੇ ਹਨ ਕਿ:—<br><br>(1) ਕਿਸੇ ਵੀ ਜਨਤਕ ਅਥਾਰਟੀ ਕੋਲ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਵਿੱਚ ਦਖ਼ਲ ਦੇਣ ਦਾ ਕੋਈ ਅਧਿਕਾਰ, ਭੂਮਿਕਾ ਜਾਂ ਸ਼ਕਤੀ ਨਹੀਂ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਇੱਕਮਾਤਰ ਅਧਿਆਤਮਿਕ ਅਤੇ ਸੰਸਾਰਕ ਸਰਪ੍ਰਸਤੀ ਅਧੀਨ ਹੋਵੇਗੀ।<br><br>(2) ਜਨਤਕ ਅਥਾਰਟੀ ਦੀ ਭੂਮਿਕਾ ਸਖਤੀ ਨਾਲ ਜਨਤਕ ਵਿਵਸਥਾ ਨੂੰ ਬਣਾਈ ਰੱਖਣ, ਨਿਆ ਯਕੀਨੀ ਬਣਾਉਣ ਅਤੇ ਬੇਅਦਬੀ ਦੇ ਕਿਸੇ ਵੀ ਕਾਰੇ ਜਾਂ ਘਟਨਾਵਾਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕਰਨ ਤੱਕ ਸੀਮਤ ਹੈ।ਇਸ ਵਿੱਚ ਇਹ ਉਪਬੰਧ ਕੀਤਾ ਗਿਆ ਹੈ ਕਿ ਕਿਸੇ ਵੀ ਜਨਤਕ ਅਥਾਰਟੀ ਨੂੰ ਸਿੱਖ ਰਹਿਤ ਮਰਯਾਦਾ ਦੇ ਪਾਲਣ ਵਿੱਚ ਦਖ਼ਲ ਦੇਣ ਦਾ ਕੋਈ ਅਧਿਕਾਰ, ਭੂਮਿਕਾ ਜਾਂ ਅਥਾਰਟੀ ਪ੍ਰਾਪਤ |



## 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਨਹੀਂ ਹੋਵੇਗੀ ਕਿਉਂਕਿ ਸਿੱਖ ਰਹਿਤ ਮਰਯਾਦਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਅਧਿਆਤਮਕ ਅਤੇ ਲੋਕਿਕ ਸਰਪ੍ਰਸਤੀ ਅਧੀਨ ਰਹਿੰਦੀ ਹੈ।

ਨਾਲ ਨੱਥੀ ਫਾਰਮ-II ਵਿੱਚ ਨਿਰਧਾਰਤ ਕਾਨੂੰਨੀ ਚੈੱਕਲਿਸਟ ਦੇ ਨਾਲ ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਦੇ ਸਾਹਮਣੇ ਪੇਸ਼ ਕਰੇਗਾ।

(4) ਸੁਪਰਡੈਂਟ ਆਫ਼ ਪੁਲਿਸ (ਤਫਤੀਸ਼) ਜਾਂ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਤਫਤੀਸ਼) ਰਿਕਾਰਡ 'ਤੇ ਰੱਖੀ ਗਈ ਪੂਰੀ ਸਮੱਗਰੀ ਦਾ ਸੁਤੰਤਰ ਰੂਪ ਵਿੱਚ ਮੁਲਾਂਕਣ ਕਰੇਗਾ ਅਤੇ ਸਬੰਧਤ ਸੇਵਕ ਜਾਂ ਸੇਵਾਦਾਰ ਵਿਰੁੱਧ ਕੋਈ ਵੀ ਕਾਰਵਾਈ ਜਾਂ ਗ੍ਰਿਫਤਾਰੀ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਨਿਰਣਾਇਕ ਤੌਰ 'ਤੇ ਇਹ ਨਿਰਧਾਰਤ ਕਰੇਗਾ ਕਿ ਕੀ ਲੋੜੀਂਦੇ ਸਬੂਤ ਉਪਲਬਧ ਹਨ ਅਤੇ ਕਾਨੂੰਨੀ ਆਧਾਰ ਮੌਜੂਦ ਹੈ।

**ਰੂਲ 10** ਦੁਰਵਰਤੋਂ ਵਿਰੁੱਧ ਸੁਰੱਖਿਆ ਉਪਾਅ: — (1) ਐਕਟ ਦੇ ਕਿਸੇ ਵੀ ਉਪਬੰਧ ਦੀ ਦੁਰਵਰਤੋਂ ਵਿਰੁੱਧ ਕਈ ਸੁਰੱਖਿਆ ਉਪਾਅ ਪ੍ਰਦਾਨ ਕੀਤੇ ਗਏ ਹਨ।

(2) ਐਕਟ ਦੀ ਧਾਰਾ 5(1) ਵਿੱਚ ਪ੍ਰਦਾਨ ਕੀਤੇ ਗਏ ਐਕਟ ਅਤੇ ਇਸਦੇ ਤਹਿਤ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੀ ਉਲੰਘਣਾ ਨਾਲ ਸਬੰਧਤ ਅਪਰਾਧ ਸਖਤੀ ਨਾਲ ਅਤੇ ਵਿਸ਼ੇਸ਼ ਤੌਰ 'ਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਅਣਅਧਿਕਾਰਤ ਛਪਾਈ, ਪ੍ਰਕਾਸ਼ਨ, ਸਤਿਕਾਰ ਸਹਿਤ ਬਿਰਾਜਮਾਨ, ਵੰਡ ਅਤੇ ਸਪਲਾਈ ਨਾਲ ਸਬੰਧਤ ਉਲੰਘਣਾਵਾਂ ਤੱਕ ਹੀ ਸੀਮਤ ਹੈ।

(3) ਇਸ ਤੋਂ ਇਲਾਵਾ, ਇਸ ਧਾਰਾ 2(1)(bb) ਦੇ ਅਧੀਨ, ਕੋਈ ਵੀ ਅਜਿਹੀ ਕਾਰਵਾਈ, ਜੋ ਨੇਕ ਨੀਅਤ, ਸਦਭਾਵਨਾ ਅਤੇ ਬਿਨਾਂ ਕਿਸੇ ਦੋਸ਼ਪੂਰਨ ਜਾਂ ਅਪਰਾਧਿਕ ਮਨਸ਼ਾ ਦੇ ਕੀਤੀ ਗਈ ਹੋਵੇ, ਨੂੰ ਇਸ ਐਕਟ ਦੇ ਅਧੀਨ ਅਪਰਾਧ ਨਹੀਂ ਮੰਨਿਆ ਜਾਵੇਗਾ। ਜਿਵੇਂ ਕਿ:-

(i) (ੳ) ਧਾਰਮਿਕ, ਵਿਦਿਅਕ, ਸਾਹਿਤਕ, ਅਧਿਆਤਮਿਕ, ਇਤਿਹਾਸਕ, ਭਾਸ਼ਾਈ, ਵਿਦਵਤਾਪੂਰਨ ਜਾਂ ਖੋਜ ਦੇ ਉਦੇਸ਼ ਲਈ ਨੇਕ ਨੀਅਤ ਨਾਲ ਕੀਤੀ ਗਈ ਕੋਈ ਵੀ ਕਾਰਵਾਈ, ਜਿਸ ਵਿੱਚ ਪ੍ਰਿੰਟ, ਡਿਜ਼ੀਟਲ, ਇਲੈਕਟ੍ਰਾਨਿਕ ਜਾਂ ਆਨ-ਲਾਈਨ ਮਾਧਿਅਮ ਰਾਹੀਂ ਕਿਸੇ ਵੀ ਰੂਪ ਵਿੱਚ ਗੁਰਬਾਣੀ ਦਾ ਪਾਠ, ਅਧਿਆਪਨ, ਅਧਿਐਨ, ਕੀਰਤਨ, ਕਥਾ, ਪ੍ਰਵਚਨ, ਵਿਆਖਿਆ, ਅਨੁਵਾਦ, ਪੁਨਰ-ਪ੍ਰਕਾਸ਼ਨ, ਪ੍ਰਸਾਰ ਜਾਂ ਪ੍ਰਚਾਰ ਸ਼ਾਮਲ ਹੋਵੇ।

# 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਚੱਲ ਰਹੇ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਬੀਤੇ ਕੱਲ੍ਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਜ ਕੀਤਾ ਗਿਆ ਜਵਾਬ। ਇਸ ਦਸਤਾਵੇਜ਼ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਸਿੱਖ ਸੰਗਤ ਤੇ ਵਿਦਵਾਨਾਂ ਲਈ ਜਨਤਕ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV



ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ– 6 ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ

ਅੰਮ੍ਰਿਤਸਰ

ਮੀਮੋ ਨੰ: HOME-HM-60AMND(IPC)/3/2024-1H6-Part(2)/63

ਮਿਤੀ: 28.07.2026

ਵਿਸ਼ਾ: **ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਵਿੱਚ ਲੋੜੀਂਦੀਆਂ ਸੋਧਾਂ ਬਾਰੇ।**

ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪੱਤਰ ਨੰਬਰ 3/੨੬/੧੮੭ ਮਿਤੀ ੦੪-੦੭-੨੦੨੬ ਰਾਹੀਂ ਸ. ਕੁਲਤਾਰ ਸਿੰਘ ਜੀ, ਸਪੀਕਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ, ਪੰਜਾਬ ਨੂੰ ਲਿਖਿਆ ਗਿਆ ਸੀ ਕਿ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦਾ ਮਾਮਲਾ ਵਿਚਾਰਨ ਲਈ 15 ਹਾੜ ਨਾਨਕਸ਼ਾਹੀ ਸੰਮਤ 558 ਮੁਤਾਬਕ 29 ਜੂਨ 2026 ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ ਸੀ। ਇਕੱਤਰਤਾ ਵਿੱਚ ਵਿਚਾਰ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਪੰਜਾਬ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਕਿ "ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਵਿੱਚ ਮੁੜ ਤੋਂ ਸਿੱਖ ਭਾਵਨਾਵਾਂ ਅਨੁਸਾਰ ਵਧੇਰੀ ਸੋਧ ਕਰੇ ਅਤੇ ਇਤਰਾਜ਼ਯੋਗ ਮੱਦਾਂ ਨੂੰ ਵੀ ਖ਼ਤਮ ਕਰੇ। ਇਸ ਇਕੱਤਰਤਾ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਰਾਹੀਂ ਪੰਜਾਬ ਸਰਕਾਰ ਨੂੰ ਜੋ ਪਹਿਲਾਂ ਮਿਤੀ ੧੧ਅਪ੍ਰੈਲ੨੦੨੬ ਨੂੰ ਇਤਰਾਜ਼ ਭੇਜੇ ਗਏ ਸਨ, ਦੀ ਭਾਵਨਾ ਅਨੁਸਾਰ ਪੰਜਾਬ ਸਰਕਾਰ ਨੂੰ ਮੁੜ ਸੋਧ ਕਰਨ ਲਈ ਆਖਿਆ ਜਾਂਦਾ ਹੈ। ਇਸ ਲਈ ਪੰਜਾਬ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਚਾਰ ਚਰਚਾ ਕਰਕੇ ਇੱਕ ਮਹੀਨੇ ਦੇ ਵਿੱਚ-ਵਿੱਚ "ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਅੰਦਰ ਲੋੜੀਂਦੀਆਂ ਸੋਧਾਂ ਕਰੇ।

ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਵੇਖਦਿਆਂ ਹੋਇਆਂ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਿਰਾਂ ਦੀ ਗੁਪਤ ਸਲਾਹ ਪ੍ਰਾਪਤ ਕੀਤੀ ਗਈ, ਜਿਸ ਦੇ ਆਧਾਰ 'ਤੇ ਵੱਖ-ਵੱਖ ਮੁੱਦਿਆਂ 'ਤੇ ਅਨੁਲਗ "ਅ" ਮੁਤਾਬਿਕ ਸਹਿਮਤੀ ਬਣੀ ਹੈ ਅਤੇ ਇਸ ਮੁਤਾਬਿਕ ਕਾਰਵਾਈ ਆਰੰਭ ਕੀਤੀ ਜਾ ਰਹੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ, ਬਾ-ਅਦਬ ਨਿੱਜੀ ਤੌਰ 'ਤੇ ਪੇਸ਼ ਹੋ ਕੇ, ਉਪਰੋਕਤ ਮੁਤਾਬਿਕ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਧਿਆਨ ਵਿੱਚ ਲਿਆਉਣ ਲਈ ਫ਼ੌਰੀ ਤੌਰ 'ਤੇ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ। ਇਸ ਨੂੰ ਪਰਮ ਅਗਵਾਈ/ਅਗੇਤ ਦਿੱਤੀ ਜਾਵੇ।

ਸੁਪਰਡੈਂਟ

ਗੁਰਦੁਆਰਾ ਲੋਹਲੰਗਰ ਬੁੰਗਾ ਸਾਹਿਬ ਪਿੰਡ ਬੁੰਗਾ ਟਿੱਬੀ ਪੰਚਕੂਲਾ ਦੀ ਕਾਰ ਸੇਵਾ ਦਾ ਨੀਂਹ ਪੱਥਰ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ ਨੇ ਆਪਣੇ ਕਰ ਕਮਲਾਂ ਨਾਲ ਰੱਖਿਆ










ਗੁਰਦੁਆਰਾ ਲੋਹਲੰਗਰ ਬੁੰਗਾ ਸਾਹਿਬ ਪਿੰਡ ਬੁੰਗਾ ਟਿੱਬੀ ਪੰਚਕੂਲਾ ਦੀ ਕਾਰ ਸੇਵਾ ਦਾ ਨੀਂਹ ਪੱਥਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ ਨੇ 29 ਜੁਲਾਈ 2026 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ ਇਸ ਸਮੇਂ ਜਥੇਦਾਰ ਸਵਰਨ ਸਿੰਘ ਬੁੰਗਾ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀਮਤੀ ਕਵਿਤਾ ਚੌਧਰੀ ਸਰਪੰਚ ਪਿੰਡ ਬੁੰਗਾ,ਸਰਦਾਰ ਰਜਿੰਦਰ ਸਿੰਘ ਬਰਾੜਾ ਮੈਂਬਰ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਅਕਾਲੀ ਦਲ ਅਜ਼ਾਦ ਵੀ ਹਾਜ਼ਰ ਸਨ ਸਰਦਾਰ ਗੁਰਮੀਤ ਸਿੰਘ ਰਾਮਸਰ ਕਾਲਕਾ ਵੱਲੋਂ 1 ਲੱਖ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ 1 ਲੱਖ,ਸ੍ਰੀ ਸੰਜੇ ਗਰਗ ਪੰਚਕੂਲਾ 1 ਲੱਖ,ਸ੍ਰੀ ਚੰਦਰ ਜਿੰਦਲ ਬਰੈਂਪਟਨ 1 ਲੱਖ ਅਤੇ ਸ੍ਰੀ ਅਮਿਤ ਮਈਅਰ ਮੁਹਾਲੀ 1ਲੱਖ ਰੁਪਿਆ ਗੁਰੂਘਰ ਦੀ ਕਾਰ ਸੇਵਾ ਵਿੱਚ ਹਿੱਸਾ ਪਾਇਆ

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮਾਨ ਸਰਕਾਰ ਦੇ 'ਬੇਅਦਬੀ ਕਾਨੂੰਨ' ਦਾ ਮਕਸਦ

# ਬਰਗਾੜੀ ਦੇ ਦੋਸ਼ੀਆਂ ਨੂੰ ਬਚਾਉਣ ਦੀ ਕਵਾਇਦ ਤੋਂ ਧਿਆਨ ਭਟਕਾਉਣਾ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਸੂਬਾਈ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਦੌਰਾਨ ਬਰਗਾੜੀ ਬੇਅਦਬੀ ਦੇ ਦੋਸ਼ੀਆਂ ਨੂੰ 24 ਘੰਟਿਆਂ ਵਿੱਚ ਸਜ਼ਾ ਦਿਵਾਉਣ ਦਾ ਵਾਅਦਾ ਕੀਤਾ ਸੀ, ਪਰ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਾ ਇਨਸਾਫ਼ ਮਿਲਿਆ, ਨਾ ਦੋਸ਼ੀਆਂ ਨੂੰ ਸਜ਼ਾ ਹੋਈ ਅਤੇ ਨਾ ਹੀ ਸਰਕਾਰ ਆਪਣੇ ਵਾਅਦੇ 'ਤੇ ਖਰੀ ਉਤਰੀ ਸਗੋਂ ਦੋਸ਼ੀਆਂ ਨੂੰ ਬਚਾਉਣ ਲਈ ਕੀਤੀ ਜਾ ਰਹੀ ਹਰ ਮੁਮਕਿਨ ਕਵਾਇਦ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ ਮਾਨ ਸਰਕਾਰ ਨੇ ਬੇਅਦਬੀ ਦੇ ਨਾਂ 'ਤੇ ਇੱਕ ਨਵਾਂ ਸੋਧ ਕਾਨੂੰਨ ਲਿਆ ਕੇ ਧਾਰਮਿਕ ਭਾਵਨਾਵਾਂ ਨੂੰ ਰਾਜਨੀਤਿਕ ਢਾਲ ਬਣਾਉਣ ਦੀ ਕੋਸ਼ਿਸ਼ ਕੀਤੀ, ਬੇਸ਼ਕ ਇਹ ਦਾਅ ਵੀ ਉਲਟਾ ਪੈ ਗਿਆ। ਪ੍ਰੋ. ਖਿਆਲਾ ਨੇ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਨੇ ਸ਼ੁਰੂ ਤੋਂ ਹੀ ਬਰਗਾੜੀ ਬੇਅਦਬੀ ਮਾਮਲਿਆਂ ਵਿੱਚ ਨਿਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਬਜਾਏ ਉਸ ਨੂੰ ਲਟਕਾਉਣ ਅਤੇ ਦੋਸ਼ੀਆਂ ਨੂੰ ਬਚਾਉਣ ਵਾਲਾ ਰੁਖ਼ ਅਪਣਾਇਆ। ਉਨ੍ਹਾਂ ਕਿਹਾ ਕਿ ਬੇਅਦਬੀ ਨਾਲ ਸੰਬੰਧਿਤ ਕੇਸਾਂ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਭੇਜਣਾ, ਮੁਕੱਦਮੇ ਚਲਾਉਣ ਲਈ ਲੋੜੀਂਦੀਆਂ ਪ੍ਰਵਾਨਗੀਆਂ ਵਿੱਚ ਲੰਬੀ ਦੇਰੀ ਅਤੇ 29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਵਿੱਚ ਟਰਾਇਲ ਕੋਰਟ ਦੀ ਕਾਰਵਾਈ ਰੋਕਣ ਸਬੰਧੀ ਸਰਕਾਰ ਦੇ ਰੁਖ਼ ਨੇ ਉਸ ਦੀ ਨੀਅਤ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੂੰ ਸੱਚਮੁੱਚ ਬੇਅਦਬੀ ਰੋਕਣ ਦੀ ਚਿੰਤਾ ਹੁੰਦੀ ਤਾਂ ਪਹਿਲੀ ਤਰਜੀਹ ਬਰਗਾੜੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ, 2015 ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਅਤੇ ਲੰਬਿਤ ਕੇਸਾਂ ਨੂੰ ਅੰਤ ਤੱਕ ਪਹੁੰਚਾਉਣ ਦੀ ਹੁੰਦੀ, ਨਾ ਕਿ ਧਾਰਮਿਕ ਮਾਮਲਿਆਂ 'ਚ ਵਿਵਾਦਪੂਰਨ ਅਤੇ ਨਵਾਂ ਟਕਰਾਅ ਖੜ੍ਹਾ ਕਰਨ ਦੀ। ਉਨ੍ਹਾਂ ਕਿਹਾ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਾਨ ਸਰਕਾਰ ਦਾ ਸੋਧਿਆ ਜਵਾਬ ਅਸੰਤੋਸ਼ਜਨਕ ਕਰਾਰ ਦੇ ਕੇ ਰੱਦ ਕਰ ਦੇਣਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਸਰਕਾਰ ਨੇ ਸਿੱਖ ਪੰਥ ਦੀਆਂ ਭਾਵਨਾਵਾਂ, ਸਲਾਹਾਂ ਅਤੇ ਸਹਿਮਤੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਹ ਕੇਵਲ ਕਾਨੂੰਨੀ ਨਹੀਂ, ਸਗੋਂ ਨੈਤਿਕ ਅਤੇ ਰਾਜਨੀਤਿਕ ਤੌਰ 'ਤੇ ਵੀ ਮਾਨ ਸਰਕਾਰ ਦੀ ਵੱਡੀ ਹਾਰ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਤਾਧਾਰੀ ਪਾਰਟੀ ਦੇ ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨੇ ਅਰਦਾਸ ਉਪਰੰਤ ਪੰਜ ਜੈਕਾਰੇ ਲਗਾ ਕੇ ਅਕਾਲ ਤਖ਼ਤ ਸਾਹਿਬ ਦੀ ਭਾਵਨਾ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਦਾ ਵਚਨ ਦਿੱਤਾ ਸੀ। ਅੱਜ ਜਦੋਂ ਉਹੀ ਸਰਕਾਰ ਉਸ ਸਹਿਮਤੀ ਤੋਂ ਮੁਕਰਦੀ ਨਜ਼ਰ ਆ ਰਹੀ ਹੈ ਤਾਂ ਇਹ ਕੇਵਲ ਰਾਜਨੀਤਿਕ ਪਲਟੀ ਨਹੀਂ, ਸਗੋਂ ਸਿੱਖ ਸੰਗਤ ਨਾਲ ਕੀਤਾ ਗਿਆ ਵਿਸ਼ਵਾਸਘਾਤ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਰਾਜ਼ਾਂ ਵਿੱਚੋਂ ਕੇਵਲ ਇੱਕ ਨੁਕਤਾ ਮੰਨਿਆ, ਬਾਕੀ ਸਾਰੇ ਮਹੱਤਵਪੂਰਨ ਇਤਰਾਜ਼ਾਂ ਨੂੰ ਰੱਦ ਕਰ ਦਿੱਤਾ। ਇਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰ ਸੰਵਾਦ ਨਹੀਂ, ਸਗੋਂ ਆਪਣੀ ਮਨਮਰਜ਼ੀ ਥੋਪਣਾ ਚਾਹੁੰਦੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਜੇਕਰ ਸਰਕਾਰ ਦੀ ਨੀਅਤ ਸਾਫ਼ ਹੁੰਦੀ ਤਾਂ ਜਵਾਬ ਭੇਜਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਸਿੱਖ ਵਿਦਵਾਨਾਂ ਨਾਲ ਬੈਠ ਕੇ ਸਹਿਮਤੀ ਬਣਾਉਂਦੀ। ਪਰ ਸਰਕਾਰ ਨੇ ਧਾਰਮਿਕ ਸੰਸਥਾਵਾਂ ਦੀ ਥਾਂ ਕਥਿਤ "ਗੁਪਤ ਸਲਾਹਕਾਰਾਂ" ਦੀ ਸਲਾਹ ਨੂੰ ਤਰਜੀਹ ਦਿੱਤੀ। ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਉਹ ਗੁਪਤ ਸਲਾਹਕਾਰ ਕੌਣ ਹਨ, ਜਿਨ੍ਹਾਂ ਦੀ ਰਾਏ ਸ੍ਰੀ ਅਕਾਲ ਤਖ਼ਤ ਸਾਹਿਬ ਨਾਲੋਂ ਵੀ ਵੱਧ ਮਹੱਤਵਪੂਰਨ ਸਮਝੀ ਗਈ? ਪ੍ਰੋ. ਖਿਆਲਾ ਨੇ ਕਿਹਾ ਕਿ ਹੁਣ ਸਰਕਾਰ ਨੂੰ ਪੰਜਾਬ ਦੇ ਲੋਕਾਂ ਅਤੇ ਸਿੱਖ ਸੰਗਤ ਨੂੰ ਜਵਾਬ ਦੇਣਾ ਹੋਵੇਗਾ ਕਿ 29 ਜੂਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਦਿੱਤੇ ਵਚਨ ਤੋਂ ਸਰਕਾਰ ਪਿੱਛੇ ਕਿਉਂ ਹਟੀ? ਜਦੋਂ ਸੰਵਾਦ ਦਾ ਦਰਵਾਜ਼ਾ ਖੁੱਲ੍ਹਾ ਸੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਤਾਲਮੇਲ ਕਿਉਂ ਨਹੀਂ ਕੀਤਾ ਗਿਆ? ਕਸਟੋਡੀਅਨ ਵਾਲੀ ਇਤਰਾਜਯੋਗ ਧਾਰਾ ਨੂੰ ਹਟਾਉਣ ਤੋਂ ਸਰਕਾਰ ਇਨਕਾਰ ਕਿਉਂ ਕਰ ਰਹੀ ਹੈ? ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਪ੍ਰਬੰਧਾਂ ਵਿੱਚ ਦਖ਼ਲ ਦੇਣ ਦੀ ਲੋੜ ਕਿਉਂ ਮਹਿਸੂਸ ਕੀਤੀ ਗਈ? ਜੇ ਸਰਕਾਰ ਤੇਜ਼ ਇਨਸਾਫ਼ ਚਾਹੁੰਦੀ ਹੈ ਤਾਂ ਫਾਸਟ ਟ੍ਰੈਕ ਅਦਾਲਤਾਂ ਦੀ ਲਾਜ਼ਮੀ ਵਿਵਸਥਾ ਕਾਨੂੰਨ ਵਿੱਚ ਕਿਉਂ ਨਹੀਂ ਜੋੜੀ ਗਈ? ਉਨ੍ਹਾਂ ਕਿਹਾ ਕਿ ਜੇ ਸਰਕਾਰ ਸੱਚਮੁੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣਾ ਚਾਹੁੰਦੀ ਹੈ ਤਾਂ ਫਿਰ ਕਸਟੋਡੀਅਨ, ਯੂਨੀਕ ਨੰਬਰ, ਕੇਂਦਰੀ ਰਜਿਸਟਰ ਅਤੇ ਧਾਰਮਿਕ ਪ੍ਰਬੰਧ ਨਾਲ ਜੁੜੀਆਂ ਧਾਰਾਵਾਂ ਉੱਤੇ ਸਿੱਖ ਸੰਸਥਾਵਾਂ ਦੇ ਇਤਰਾਜ਼ਾਂ ਨੂੰ ਕਿਉਂ ਨਹੀਂ ਮੰਨਿਆ ਗਿਆ? ਧਾਰਮਿਕ ਪ੍ਰਬੰਧ ਵਿੱਚ ਸਰਕਾਰੀ ਦਖ਼ਲ ਨੂੰ ਸਿੱਖ ਪੰਥ ਕਦੇ ਸਵੀਕਾਰ ਨਹੀਂ ਕਰੇਗਾ। ਪ੍ਰੋ. ਖਿਆਲਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਦੁਨੀਆ ਦੀ ਸਭ ਤੋਂ ਸਖ਼ਤ ਸਜ਼ਾ ਦੇਣ ਵਾਲਾ ਕਾਨੂੰਨ ਬਣੇ, ਇਸ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ। ਪਰ ਉਹ ਕਾਨੂੰਨ ਸਿੱਖ ਪੰਥ ਦੀਆਂ ਸਰਵਉੱਚ ਸੰਸਥਾਵਾਂ, ਕਾਨੂੰਨੀ ਮਾਹਿਰਾਂ ਅਤੇ ਸਮਾਜ ਦੀ ਸਹਿਮਤੀ ਨਾਲ ਬਣੇ, ਨਾ ਕਿ ਸਰਕਾਰ ਦੀ ਜ਼ਿੱਦ, ਅਹੰਕਾਰ ਅਤੇ ਇਕਪਾਸੜ ਸੋਚ ਨਾਲ। ਮਾਨ ਸਰਕਾਰ ਕੋਲ ਅਜੇ ਵੀ ਮੌਕਾ ਹੈ ਕਿ ਉਹ ਆਪਣੀ ਗਲਤੀ ਸਵੀਕਾਰੇ, ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਮਾਹਰ ਕਮੇਟੀ ਨਾਲ ਬੈਠ ਕੇ ਸਰਬਸੰਮਤੀ ਵਾਲਾ ਕਾਨੂੰਨ ਤਿਆਰ ਕਰੇ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਵੱਲੋਂ ਸੇਵਾਮੁਕਤ ਜੱਜਾਂ, ਸੀਨੀਅਰ ਵਕੀਲਾਂ ਅਤੇ ਸਿੱਖ ਵਿਦਵਾਨਾਂ ਦੀ ਛੇ ਮੈਂਬਰੀ ਮਾਹਰ ਕਮੇਟੀ ਬਣਾਉਣਾ ਇਸ ਗੱਲ ਦਾ ਸਬੂਤ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਟਕਰਾਅ ਨਹੀਂ, ਸਗੋਂ ਸਹਿਮਤੀ ਦਾ ਰਾਹ ਚਾਹੁੰਦਾ ਹੈ। ਹੁਣ ਦੇਖਣਾ ਇਹ ਹੈ ਕਿ ਕੀ ਮਾਨ ਸਰਕਾਰ ਆਪਣਾ ਹੰਕਾਰ ਛੱਡ ਕੇ ਇਸ ਕਮੇਟੀ ਨਾਲ ਬੈਠੇਗੀ ਜਾਂ ਸਿੱਖ ਪੰਥ ਨਾਲ ਟਕਰਾਅ ਦੀ ਰਾਜਨੀਤੀ ਜਾਰੀ ਰੱਖੇਗੀ।

**ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਦਾ ਜਵਾਬ ਰੱਦ ਹੋਣਾ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਨੈਤਿਕ ਹਾਰ**

ਆਵਾਜ਼ਿ ਕੌਮ AWAZE QAUM International Newspaper & WEB TV

### ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਗੀਵਾਂਦਰ ਦੇ

# ਸਕਾਊਟਸ ਨੇ ਲਾਇਆ ਹਾਈਕਿੰਗ ਟਰੈਕਿੰਗ ਅਤੇ ਐਡਵੈਂਚਰ ਕੈਂਪ



**ਤਲਵੰਡੀ ਸਾਬੋ, 30 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਭਾਰਤ ਸਕਾਊਟਸ ਅਤੇ ਗਾਈਡਜ, ਪੰਜਾਬ ਦੇ ਸਲਾਨਾ ਪ੍ਰੋਗਰਾਮ ਅਨੁਸਾਰ ਵਿਦਿਆਰਥੀਆਂ ਨੂੰ ਸਿੱਖਿਆ ਸਹਾਇਕ ਗਤੀਵਿਧੀਆਂ ਪ੍ਰਦਾਨ ਕਰਨ ਲਈ ਸਟੇਟ ਟਰੇਨਿੰਗ ਸੈਂਟਰ ਤਾਰਾ ਦੇਵੀ ਸ਼ਿਮਲਾ ਵਿਖੇ ਸ. ਉਕਾਰ ਸਿੰਘ ਸਟੇਟ ਆਰਗੇਨਾਈਜਿੰਗ ਕਮਿਸ਼ਨਰ ਸਕਾਊਟਸ ਦੀ ਅਗਵਾਈ ਵਿਚ ਹਾਈਕਿੰਗ ਟਰੈਕਿੰਗ ਅਤੇ ਐਡਵੈਂਚਰ ਕੈਂਪ ਲਾਇਆ ਗਿਆ। ਬਠਿੰਡਾ ਜਿਲ੍ਹਾ ਤੋਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ ਮੈਡਮ ਮਮਤਾ ਖੁਰਾਣਾ ਜੀ ਅਤੇ ਸ. ਚਮਕੌਰ ਸਿੰਘ ਸਿਧੂ ਉਪ ਜਿਲ੍ਹਾ ਸਿੱਖਿਆ ਅਫਸਰ ਜੀ ਦੇ ਹੁਕਮਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਾਗੀਵਾਂਦਰ ਤੋਂ ਸਕੂਲ ਪ੍ਰਿੰਸੀਪਲ ਮੈਡਮ ਸੁਖਦੀਪ ਕੌਰ ਦੇ ਦਿਸ਼ਾ ਨਿਰਦੇਸ਼ਾ ਤੇ ਖੇਤੀਬਾੜੀ ਮਾਸਟਰ ਸ. ਅੰਮ੍ਰਿਤਪਾਲ ਸਿੰਘ ਬਰਾੜ ਦੀ ਅਗਵਾਈ ਵਿਚ 34 ਸਕਾਊਟਸ ਨੇ ਕੈਂਪ ਵਿਚ ਭਾਗ ਲਿਆ। ਸ. ਬਰਾੜ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਕੈਂਪ ਵਿਚ ਸ੍ਰੀ ਜਤਿੰਦਰ ਕੁਮਾਰ ਐਡਵੈਂਚਰ ਟਰੇਨਰ ਅਤੇ ਦਿਪਾਸ਼ ਕੁਮਾਰ ਸਟੇਟ ਪ੍ਰੋਜੈਕਟ ਕੋਆਰਡੀਨੇਟਰ ਨੇ ਸਕਾਊਟਸ ਨੂੰ ਵੱਖ ਵੱਖ ਤਰਾਂ ਦੀਆਂ ਸਾਹਸੀ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੂੰ ਪਹਾੜੀ ਰਸਤਿਆਂ ਤੇ ਤਾਰਾ ਦੇਵੀ ਮੰਦਿਰ ਤੱਕ ਟਰੈਕਿੰਗ ਕਰਵਾਈ ਗਈ। ਕੈਂਪ ਦੌਰਾਨ ਸਕਾਊਟਸ ਨੂੰ ਇੱਕ ਦਿਨ ਪਹਾੜਾਂ ਦੀ ਰਾਣੀ ਸ਼ਿਮਲਾ ਦੀਆਂ ਇਤਿਹਾਸਕ ਥਾਵਾਂ, ਸੰਕਟ ਮੋਚਨ ਮੰਦਿਰ, ਜਾਖੂ ਮੰਦਿਰ, ਐਡਵਾਂਸ ਸਟੱਡੀ ਸੈਂਟਰ, ਤਾਰਾ ਦੇਵੀ ਮੰਦਿਰ ਆਦਿ ਥਾਵਾਂ ਦੇ ਦਰਸ਼ਨ ਕਰਵਾਏ ਗਏ। ਸਕਾਊਟਸ ਨੂੰ ਦੇਵਤਿਆਂ ਦੀ ਧਰਤੀ ਹਿਮਾਚਲ ਦੇ ਸ਼ਿਮਲਾ ਦੀਆਂ ਪਹਾੜੀਆਂ ਦਾ ਅਨੰਦ ਮਾਣਿਆ ਅਤੇ ਪਹਾੜੀ ਲੋਕਾਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਕੈਂਪ ਦੀ ਸਮਾਪਤੀ ਤੇ ਪ੍ਰਬੰਧਕਾਂ ਵਲੋਂ ਸਕਾਊਟਸ ਨੂੰ ਸਰਟੀਫਿਕੇਟ ਦੇਕੇ ਸਨਮਾਨਤ ਕੀਤਾ ਗਿਆ। ਇਸ ਕੈਂਪ ਵਿਚ ਸਕਾਊਟ ਮਾਸਟਰ ਮੱਖਣ ਸਿੰਘ, ਜਗਸੀਰ ਸਿੰਘ ਸਸਸਸ ਪੂਹਲਾ, ਸ. ਸਿਮਰਪਾਲ ਸਿੰਘ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਦਿਓਣ, ਗਾਈਡ ਕੈਪਟਨ ਅਮਨਦੀਪ ਕੌਰ ਸਸਸਸ ਕੁੱਤੀਵਾਲ, ਕਰਮਜੀਤ ਕੌਰ ਸਸਸਸ ਜੱਸੀ ਬਾਗ ਵਾਲੀ ਵੀ ਹਾਜਰ ਸਨ।

# ਖਾਲਸਾਈ ਸ਼ਾਨ, ਸ਼ਹਾਦਤਾਂ ਦੀ ਵਿਰਾਸਤ ਅਤੇ ਉੱਚ-ਰੁਤਬੇ ਦਾ ਪ੍ਰਤੀਕ, ਨਿਹੰਗ ਸਿੰਘਾਂ ਵਿੱਚ 'ਫਰਲੇ' ਦੀ ਇਤਿਹਾਸਿਕ ਤੇ ਅਧਿਆਤਮਿਕ ਮਹੱਤਤਾ

## ਸ਼੍ਰੋਮਣੀ ਪੰਥ ਬੁੱਢਾ ਦਲ 96 ਕਰੋੜੀ ਦੇ ਮੁਖੀ ਬਾਬਾ ਬਲਬੀਰ ਸਿੰਘ ਜੀ ਵੱਲੋਂ 'ਫਰਲਾ' ਬਖਸ਼ਣ 'ਤੇ ਮਾਨ ਸਿੰਘ ਅਕਾਲੀ ਵੱਲੋਂ ਕੋਟੀ-ਕੋਟਿ ਧੰਨਵਾਦ



ਨਿਹੰਗ ਸਿੰਘ ਫੌਜਾਂ ਦੀਆਂ ਪੁਰਾਤਨ ਖਾਲਸਾਈ ਰਵਾਇਤਾਂ ਵਿੱਚ 'ਫਰਲਾ' ਅਤਿਅੰਤ ਪਵਿੱਤਰ, ਉੱਚ-ਰੁਤਬੇ, ਨਿਰਭਉਤਾ ਅਤੇ ਬਹਾਦਰੀ ਦਾ ਪ੍ਰਤੀਕ ਮੰਨਿਆ ਗਿਆ ਹੈ। ਇਹ ਦੁਮਾਲੇ (ਦਸਤਾਰ) ਦੇ ਉੱਪਰ ਝੰਡੇ ਵਾਂਗ ਲਹਿਰਾਉਂਦਾ ਇੱਕ ਵਿਸ਼ੇਸ਼ ਕੱਪੜਾ ਹੁੰਦਾ ਹੈ, ਜੋ ਖਾਲਸੇ ਦੀ ਆਜ਼ਾਦ ਅਤੇ ਬੇਅੰਤ ਸ਼ਾਨ ਨੂੰ ਦਰਸਾਉਂਦਾ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਮਹਾਨ ਰਵਾਇਤ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ, ਅਕਾਲੀ ਬਾਬਾ ਫੂਲਾ ਸਿੰਘ ਜੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਵਰਗੇ ਸ਼੍ਰੋਮਣੀ ਜਰਨੈਲਾਂ ਦੀ ਅਜ਼ੀਮ ਪਰੰਪਰਾ ਨਾਲ ਜੁੜੀ ਹੋਈ ਹੈ। ਪੁਰਾਤਨ ਸਮੇਂ ਤੋਂ ਹੀ ਫਰਲਾ ਕੇਵਲ ਉਨ੍ਹਾਂ ਸਿੰਘਾਂ ਨੂੰ ਹੀ ਬਖਸ਼ਿਆ ਜਾਂਦਾ ਰਿਹਾ ਹੈ, ਜਿਨ੍ਹਾਂ ਨੇ ਪੰਥ ਦੀ ਸੇਵਾ, ਉੱਚੀ-ਸੁੱਚੀ ਰਹਿਤ-ਮਰਯਾਦਾ, ਅਤੇ ਸ਼ਹਾਦਤ ਦੇ ਜਜ਼ਬੇ ਵਿੱਚ ਆਪਣੀ ਅੱਤ ਦੀ ਦ੍ਰਿੜ੍ਹਤਾ ਦਾ ਪ੍ਰਮਾਣ ਦਿੱਤਾ ਹੋਵੇ। ਨਿਹੰਗ ਸਿੰਘ ਪਰੰਪਰਾ ਵਿੱਚ ਫਰਲੇਧਾਰੀ ਸਿੰਘ ਮਹਾਕਾਲ ਦੀ ਅਪਾਰ ਸ਼ਕਤੀ ਦੇ ਧਾਰਨੀ ਅਤੇ ਮੌਤ ਦੇ ਭੈਅ ਤੋਂ ਪੂਰੀ ਤਰ੍ਹਾਂ ਮੁਕਤ (ਅਕਾਲੀ) ਹੁੰਦੇ ਹਨ। ਇਹ ਫਰਲਾ ਮੌਤ ਨੂੰ ਟਿੱਚ ਜਾਣ ਕੇ ਧਰਮ ਯੁੱਧ ਵਿੱਚ ਜੂਝਣ ਵਾਲੇ ਸੂਰਬੀਰਾਂ ਦੀ ਪਛਾਣ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਵਿੱਚ ਫਰਲਾ ਬਖਸ਼ਣ ਦਾ ਅਧਿਕਾਰ ਸਿਰਫ਼ ਦਲ ਦੇ ਮੌਜੂਦਾ ਜਥੇਦਾਰ (ਮੁਖੀ) ਕੋਲ ਹੀ ਹੁੰਦਾ ਹੈ। ਫਰਲਾ ਸਿਰਫ਼ ਇੱਕ ਧਾਰਮਿਕ ਸ਼ਿੰਗਾਰ ਨਹੀਂ, ਸਗੋਂ ਇਹ ਨਿਮਰਤਾ, ਅਧਿਆਤਮਿਕ ਪਰਪੱਕਤਾ ਅਤੇ ਖਾਲਸਾਈ ਜ਼ੁੰਮੇਵਾਰੀ ਦਾ ਸੁਨੇਹਾ ਦਿੰਦਾ ਹੈ। ਜਿਸ ਸਿੰਘ ਨੂੰ ਇਹ ਬਖਸ਼ਿਸ਼ ਪ੍ਰਾਪਤ ਹੁੰਦੀ ਹੈ, ਉਸ ਉੱਪਰ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਨ, ਪੰਥਕ ਮਰਯਾਦਾ ਵਿੱਚ ਸਦਾ ਤਿਆਰ-ਬਰ-ਤਿਆਰ ਰਹਿਣ ਅਤੇ ਧਰਮ ਦੀ ਚੜ੍ਹਦੀ ਕਲਾ ਲਈ ਕਾਰਜ ਕਰਨ ਦੀ ਵੱਡੀ ਜ਼ਿੰਮੇਵਾਰੀ ਆ ਜਾਂਦੀ ਹੈ। ਇਸ ਮਹਾਨ ਬਖਸ਼ਿਸ਼ ਦੇ ਸੰਦਰਭ ਵਿੱਚ ਮਾਨ ਸਿੰਘ ਅਕਾਲੀ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਕੋਟੀ-ਕੋਟਿ ਧੰਨਵਾਦ ਕੀਤਾ ਹੈ। ਮਾਨ ਸਿੰਘ ਅਕਾਲੀ ਨੇ ਆਖਿਆ ਕਿ ਬਾਬਾ ਬਲਬੀਰ ਸਿੰਘ ਜੀ ਨੇ ਉਨ੍ਹਾਂ ਉੱਤੇ ਰਹਿਮਤ ਦਾ ਘਰ ਵਰਤਾਉਂਦਿਆਂ ਇਹ ਪਵਿੱਤਰ ਫਰਲਾ ਬਖਸ਼ ਕੇ ਦਾਸ ਨੂੰ ਬਹੁਤ ਵੱਡਾ ਮਾਣ-ਸਤਿਕਾਰ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਮਹਾਕਾਲ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਉਨ੍ਹਾਂ ਨੂੰ ਬਲ ਤੇ ਸਮਰੱਥਾ ਬਖਸ਼ਣ ਤਾਂ ਜੋ ਉਹ ਇਸ ਪਵਿੱਤਰ ਫਰਲੇ ਦੀ ਸ਼ਾਨ, ਰਹਿਤ-ਮਰਯਾਦਾ ਅਤੇ ਬੁੱਢਾ ਦਲ ਦੀ ਸੇਵਾ ਨੂੰ ਪੂਰੀ ਲਗਨ, ਨਿਮਰਤਾ ਅਤੇ ਸਮਰਪਣ ਭਾਵ ਨਾਲ ਨਿਭਾ ਸਕਣ।

**-ਪਰਗਟ ਸਿੰਘ ਬਲਬੇੜਾ, 9022000070**

# ਪਿੰਡ ਕਾਂਝਲਾ ਵਿਖੇ ਐੱਸਸੀ ਧਰਮਸ਼ਾਲਾ ਦੀ ਇਮਾਰਤ ਦਾ ਨੀਂਹ ਪੱਥਰ ਰੱਖ ਕੇ ਨਿਰਮਾਣ ਕਾਰਜ ਸ਼ੁਰੂ ਕਰਵਾਇਆ



**ਧੂਰੀ (ਰਣਜੀਤ ਸਿੰਘ ਪੇਧਨੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਕਾਂਝਲਾ ਵਿਖੇ ਐੱਸਸੀ ਧਰਮਸ਼ਾਲਾ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖ ਕੇ ਨਿਰਮਾਣ ਕਾਰਜ ਦੀ ਸ਼ੁਰੂਆਤ ਆਪ ਆਗੂ ਪਰਮਜੀਤ ਸਿੰਘ ਗੋਨਾ ਕਾਂਝਲਾ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਹਰਜਿੰਦਰ ਸਿੰਘ ਕਾਂਝਲਾ, ਚੇਅਰਮੈਨ ਰਣਜੋਧ ਸਿੰਘ ਕਾਂਝਲਾ ਵੱਲੋਂ ਕਰਵਾਇਆ ਗਿਆ।

ਇਸ ਮੌਕੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਪਿੰਡਾਂ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ, ਤਾਂ ਜੋ ਹਰ ਵਰਗ ਨੂੰ ਬਿਹਤਰ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਐੱਸ ਸੀ ਧਰਮਸ਼ਾਲਾ ਦੀ ਨਵੀਂ ਇਮਾਰਤ ਬਣਨ ਨਾਲ ਪਿੰਡ ਵਾਸੀਆਂ ਨੂੰ ਸਮਾਜਿਕ, ਧਾਰਮਿਕ ਅਤੇ ਭਾਈਚਾਰਕ ਸਮਾਗਮਾਂ ਲਈ ਆਧੁਨਿਕ ਅਤੇ ਸੁਵਿਧਾਜਨਕ ਸਥਾਨ ਉਪਲਬਧ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰ ਲੋਕ ਭਲਾਈ ਦੇ ਕੰਮਾਂ ਨੂੰ ਪੂਰੀ ਤਨਦੇਹੀ ਨਾਲ ਅੱਗੇ ਵਧਾ ਰਹੀ ਹੈ ਅਤੇ ਵਿਕਾਸ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੇਗੀ।

ਇਸ ਮੌਕੇ ਮਿੱਠੂ ਕਾਂਝਲਾ, ਪਰਗਟ ਸਿੰਘ ਕਾਲਾ , ਸਰਬਜੀਤ ਸਿੰਘ (ਮੈਂਬਰ) ਸਮੇਤ ਹੋਰ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

### ਪੰਥਕ ਸਿਧਾਂਤਾਂ ਅਤੇ ਕੌਮੀ ਹੱਕਾਂ ਦੀ ਰਾਖੀ ਲਈ

# ਜਥੇਦਾਰ ਮੋਹਨ ਸਿੰਘ ਤੁੜ ਜੀ ਦੀਆਂ ਸੇਵਾਵਾਂ ਹਮੇਸ਼ਾ ਯਾਦ ਰੱਖੀਆਂ ਜਾਣਗੀਆਂ : ਬਾਪੂ ਤਰਸੇਮ ਸਿੰਘ





**ਤਰਨਤਾਰਨ 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ, ਮਹਾਨ ਪੰਥਕ ਆਗੂ ਜਥੇਦਾਰ ਮੋਹਨ ਸਿੰਘ ਤੁੜ ਜੀ ਦੀ 47ਵੀਂ ਸਾਲਾਨਾ ਬਰਸੀ ਅੱਜ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਤੁੜ ਵਿਖੇ ਸ਼ਰਧਾ, ਸਤਿਕਾਰ ਅਤੇ ਧਾਰਮਿਕ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ, ਪੰਥਕ ਆਗੂਆਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਸ਼ਖ਼ਸੀਅਤਾਂ ਨੇ ਹਾਜ਼ਰੀ ਭਰ ਕੇ ਜਥੇਦਾਰ ਮੋਹਨ ਸਿੰਘ ਤੁੜ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਜਥੇਦਾਰ ਮੋਹਨ ਸਿੰਘ ਤੁੜ ਜੀ ਦੇ ਪੋਤਰੇ ਭਾਈ ਹਰਭਜਨ ਸਿੰਘ ਤੁੜ, ਜੋ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਮੁੱਖ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਹਨ ਅਤੇ ਬੀਬੀ ਸਤਵੰਤ ਕੌਰ ਜੀ ਤੁੜ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਅਤੇ ਮਾਤਾ ਬਲਵਿੰਦਰ ਕੌਰ ਜੀ ਨੇ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਜਥੇਦਾਰ ਮੋਹਨ ਸਿੰਘ ਤੁੜ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਬਾਪੂ ਤਰਸੇਮ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਥੇਦਾਰ ਮੋਹਨ ਸਿੰਘ ਤੁੜ ਜੀ ਨੇ ਆਪਣਾ ਸਮੁੱਚਾ ਜੀਵਨ ਸਿੱਖ ਪੰਥ, ਪੰਜਾਬ ਅਤੇ ਕੌਮੀ ਹੱਕਾਂ ਦੀ ਰਾਖੀ ਲਈ ਸਮਰਪਿਤ ਕੀਤਾ। ਉਨ੍ਹਾਂ ਦੀ ਨਿਡਰ ਅਗਵਾਈ, ਸਿਧਾਂਤਾਂ ਪ੍ਰਤੀ ਅਡੋਲਤਾ ਅਤੇ ਨਿਸ਼ਕਾਮ ਸੇਵਾ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਪੰਥਕ ਆਗੂਆਂ ਦੀ ਸੋਚ ਅਤੇ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

**ਜਥੇਦਾਰ ਮੋਹਨ ਸਿੰਘ ਤੁੜ ਜੀ ਦੀ 47ਵੀਂ ਸਾਲਾਨਾ ਬਰਸੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ**

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਹਲਕਾ ਦਾਖਾਂ ਤੋਂ ਐਮ ਐਲ ਏ ਸ੍ਰ ਮਨਪ੍ਰੀਤ ਸਿੰਘ ਇਆਲੀ, ਭਾਈ ਅਮਰਜੀਤ ਸਿੰਘ ਵੰਨਚਿੜੀ, ਬਾਬੂ ਸਿੰਘ ਬਰਾੜ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਚਾਚਾ ਸੁਖਚੈਨ ਸਿੰਘ, ਭਾਈ ਮੇਜਰ ਸਿੰਘ, ਭਾਈ ਸੁਖਦੇਵ ਸਿੰਘ ਕਾਦੀਆਂ, ਬੀਬੀ ਹਰਪ੍ਰੀਤ ਕੌਰ, ਪ੍ਰੋਫੈਸਰ ਸਤਨਾਮ ਕੌਰ, ਬੀਬੀ ਕੁਲਵਿੰਦਰ ਕੌਰ, ਬੀਬੀ ਮਨਜੀਤ ਕੌਰ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਦਲਜੀਤ ਸਿੰਘ ਜਵੰਦਾ, ਭਾਈ ਦਯਾ ਸਿੰਘ, ਭਾਈ ਸੁਖਬੀਰ ਸਿੰਘ ਵਲਟੋਹਾ, ਭਾਈ ਸਰਤਾਜ ਸਿੰਘ, ਭਾਈ ਪਰਮਜੀਤ ਸਿੰਘ ਵਣੀਏਕੇ, ਬਾਬਾ ਬਿਬੇਕ ਸਿੰਘ, ਭਾਈ ਅਮਰੀਕ ਸਿੰਘ ਬਿੱਟਾ, ਭਾਈ ਸੁਖਰਾਜ ਸਿੰਘ ਸੁਲਤਾਨਵਿੰਡ, ਭਾਈ ਜੁਗਰਾਜ ਸਿੰਘ ਲਾਲਾਨੰਗਲ, ਸ੍ਰ ਰਛਪਾਲ ਸਿੰਘ ਸੋਸਣ, ਭਾਈ ਦਲੇਰ ਸਿੰਘ ਡੋਡ, ਭਾਈ ਕੁਲਵੰਤ ਸਿੰਘ ਸੈਦੋਲੈਲ, ਭਾਈ ਦਲਜੀਤ ਸਿੰਘ ਪੱਧਰੀ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਪ੍ਰਿਤਪਾਲ ਸਿੰਘ ਮੀਰਾਂਕੋਟ, ਭਾਈ ਜਗਜੀਤ ਸਿੰਘ ਰਾਮੂਵਾਲ, ਭਾਈ ਜਸਵਿੰਦਰ ਸਿੰਘ ਕਾਨ੍ਹੂੰਵਾਨ, ਭਾਈ ਅੰਮ੍ਰਿਤਪਾਲ ਸਿੰਘ ਹੁੰਦਲ, ਭਾਈ ਜਸਕਰਨ ਸਿੰਘ ਲੋਪੋਕੇ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਜਥੇਦਾਰ ਮੋਹਨ ਸਿੰਘ ਤੁੜ ਜੀ ਨੂੰ ਸਮੂਹ ਸੰਗਤ ਵੱਲੋਂ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ ਗਈ ਅਤੇ ਜਥੇਦਾਰ ਮੋਹਨ ਸਿੰਘ ਤੁੜ ਜੀ ਦੇ ਪੋਤਰੇ ਭਾਈ ਹਰਭਜਨ ਸਿੰਘ ਤੁੜ ਜੀ ਵੱਲੋਂ ਆਈ ਹੋਈ ਸਮੂਹ ਸੰਗਤ ਦਾ ਇਸ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਤੇ ਧੰਨਵਾਦ ਕੀਤਾ। ਸਮਾਪਤੀ ਤੇ ਅਰਦਾਸ ਕੀਤੀ ਗਈ ਕਿ ਅਕਾਲ ਪੁਰਖ ਸਮੁੱਚੀ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਮਹਾਨ ਪੰਥਕ ਆਗੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਤਾਕਤ ਬਖ਼ਸ਼ੇ।

### ਸਠਿਆਲਾ ਕਾਲਜ ਦੇ ਐਨ.ਸੀ.ਸੀ. ਕੈਡੇਟਾਂ ਨੇ

# ਸਲਾਨਾ ਆਰਮੀ ਟ੍ਰੇਨਿੰਗ ਕੈਂਪ ਵਿੱਚ ਵਿਖਾਇਆ ਸ਼ਾਨਦਾਰ ਪ੍ਰਦਰਸ਼ਨ




**ਬਾਬਾ ਬਕਾਲਾ ਸਾਹਿਬ, 30 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਣਯੋਗ ਉਪਕੁਲਪਤੀ ਪ੍ਰੋ. ਡਾ. ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫੈਸਰ ਡਾ. ਸਰੋਜ ਅਰੋੜਾ ਦੀ ਰਹਿਨੁਮਾਈ ਅਤੇ ਕਾਲਜ ਇੰਚਾਰਜ ਡਾ.ਹਰਸਿਮਰਨ ਕੌਰ ਦੀ ਅਗਵਾਈ ਵਿੱਚ ਚੱਲ ਰਹੇ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਦੇ ਐਨ.ਸੀ.ਸੀ. ਕੈਡੇਟਾਂ ਨੇ 19 ਤੋਂ 28 ਜੁਲਾਈ ਤੱਕ ਐਨ.ਸੀ.ਸੀ. ਅਕੈਡਮੀ, ਰੂਪਨਗਰ ਵਿਖੇ ਆਯੋਜਿਤ ਸਲਾਨਾ ਆਰਮੀ ਟ੍ਰੇਨਿੰਗ ਕੈਂਪ (ਸੀ.ਏ.ਟੀ.ਸੀ.) ਵਿੱਚ ਸ਼ਾਨਦਾਰ ਭਾਗੀਦਾਰੀ ਕਰਦਿਆਂ ਵੱਖ-ਵੱਖ ਮੁਕਾਬਲਿਆਂ ਵਿੱਚ ਕਾਲਜ ਦਾ ਨਾਮ ਰੌਸ਼ਨ ਕੀਤਾ। 24 ਪੰਜਾਬ ਬਟਾਲੀਅਨ ਐਨ.ਸੀ.ਸੀ. ਦੀ ਦੇਖ-ਰੇਖ ਹੇਠ ਆਯੋਜਿਤ ਇਸ ਕੈਂਪ ਵਿੱਚ ਪੰਜਾਬ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ 346 ਕੈਡੇਟਾਂ ਨੇ ਹਿੱਸਾ ਲਿਆ ਇਸ ਸਮੁੱਚੇ ਕੈਂਪ ਵਿੱਚ ਕਾਲਜ ਦਾ ਅੰਡਰ ਆਫਿਸਰ ਸਰਜੰਟਪਾਲ ਸਿੰਘ ਕੈਂਪ ਸੀਨੀਅਰ ਸੀ। ਕਾਲਜ ਇੰਚਾਰਜ ਅਤੇ ਐਸੋਸੀਏਟ ਐਨ.ਸੀ.ਸੀ. ਅਫਸਰ ਡਾ.(ਲੈਫ.) ਹਰਸਿਮਰਨ ਕੌਰ ਨੇ ਦੱਸਿਆ ਕਿ ਕੈਂਪ ਦੌਰਾਨ ਕੈਡੇਟਾਂ ਨੂੰ ਸ਼ੂਟਿੰਗ ਅਭਿਆਸ, ਡਰੋਨ ਟੈਕਨਾਲੋਜੀ, ਮੈਪ ਰੀਡਿੰਗ, ਆਰਮੀ ਹਥਿਆਰਾਂ ਦੀ ਜਾਣ-ਪਛਾਣ, ਕੰਪਾਸ ਰਾਹੀਂ ਨੇਵੀਗੇਸ਼ਨ, ਗਨ ਹੈਂਡਲਿੰਗ ਅਤੇ ਹੋਰ ਫੌਜੀ ਸਿਖਲਾਈ ਨਾਲ ਸੰਬੰਧਿਤ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਮਾਹਿਰਾਂ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਵਿਸ਼ੇਸ਼ ਲੈਕਚਰ ਵੀ ਦਿੱਤੇ ਗਏ। ਇਸ ਮੌਕੇ ਕਮਾਂਡਿੰਗ ਅਫਸਰ ਕਰਨਲ ਪੀ. ਐੱਸ. ਰਿਆੜ, ਸੁਨੀਲ ਸ਼ਰਮਾ ਅਤੇ 24 ਪੰਜਾਬ ਬਟਾਲੀਅਨ ਦੇ ਪੀ.ਆਈ. ਸਟਾਫ ਨੇ ਕੈਡੇਟਾਂ ਨੂੰ ਪ੍ਰੇਰਿਤ ਕੀਤਾ ਅਤੇ ਸਿਖਲਾਈ ਪ੍ਰਦਾਨ ਕੀਤੀ। ਕੈਂਪ ਦੌਰਾਨ ਚੁਣੇ ਹੋਏ ਬੈਸਟ ਕੈਡੇਟਾਂ ਨੂੰ ਚੰਡੀਗੜ੍ਹ ਵਿਖੇ ਕਾਰਗਿਲ ਵਾਰ ਮੈਮੋਰੀਅਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਕਾਰਗਿਲ ਦਿਵਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਕੈਡੇਟਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਐਨ.ਸੀ.ਸੀ. ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨਾਲ ਮਿਲਣ ਦਾ ਵੀ ਮੌਕਾ ਮਿਲਿਆ। ਕੈਂਪ ਦੌਰਾਨ ਵਾਲੀਬਾਲ, ਫੁੱਟਬਾਲ, ਬਾਸਕਟਬਾਲ, ਰੱਸਾਕਸ਼ੀ (ਟੱਗ ਆਫ ਵਾਰ) ਅਤੇ ਖੋ-ਖੋ ਸਮੇਤ ਵੱਖ-ਵੱਖ ਖੇਡਾਂ ਅਤੇ ਮਨੋਰੰਜਨਕ ਗਤੀਵਿਧੀਆਂ ਪ੍ਰਤੀਯੋਗਿਤਾ ਦੇ ਰੂਪ ਵਿੱਚ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸਠਿਆਲਾ ਕਾਲਜ ਦੇ ਕੈਡੇਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗਰਲਜ਼ ਕੈਡੇਟਾਂ ਨੇ ਰੱਸਾਕਸ਼ੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਕੈਡੇਟ ਅਮਰਿੰਦਰ ਸਿੰਘ ਨੇ ਵੈਪਨ ਹੈਂਡਲਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਕੈਡੇਟਾਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਂਦਿਆਂ ਭੰਗੜਾ ਮੁਕਾਬਲੇ ਵਿੱਚ ਪਹਿਲਾ ਸਥਾਨ ਅਤੇ ਗਾਇਨ ਮੁਕਾਬਲੇ ਵਿੱਚ ਮੈਡਲ ਹਾਸਲ ਕੀਤਾ। ਇਸ ਤੋਂ ਇਲਾਵਾ ਇੰਟਰ ਕਾਲਜ ਡ੍ਰਿਲ ਟੈਸਟ ਵਿੱਚ ਕਾਲਜ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਤਾ-ਪਿਤਾ ਦੀ ਯਾਦ ਵਿੱਚ ਅਰਥ ਔਗਰ ਮਸ਼ੀਨ ਭੇਟ, ਫੋਕਲ ਪੁਆਇੰਟ ਵਿੱਚ ਪੌਧਾਰੋਪਣ ਮੁਹਿੰਮ ਦੀ ਸ਼ੁਰੂਆਤ : ਪੁਨੀਤ ਇਸ਼ਾਰ



**ਚੌਕ ਮਹਿਤਾ,30 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਾਤਾਵਰਣ ਸੰਭਾਲ ਅਤੇ ਹਰਿਆਲੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਫੋਕਲ ਪੁਆਇੰਟ ਯੂਨਾਇਟਡ ਇੰਡਸਟਰੀਜ਼ ਐਸੋਸੀਏਸ਼ਨ ਵੱਲੋਂ ਅੱਜ ਓਲਡ ਫੋਕਲ ਪੁਆਇੰਟ ਵਿਖੇ ਪੌਧਾਰੋਪਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਸ੍ਰੀ ਦਵਿੰਦਰ ਪਾਲ ਸਿੰਘ, ਪਨਸਪ ਦੇ ਚੇਅਰਮੈਨ ਸ੍ਰੀ ਪ੍ਰਭਬੀਰ ਸਿੰਘ ਬਰਾੜ, ਅੰਮ੍ਰਿਤਸਰ ਹਰਿਆਵਲ ਮੰਚ ਦੇ ਪ੍ਰਧਾਨ ਇੰਜੀ. ਦਲਜੀਤ ਸਿੰਘ ਕੋਹਲੀ, ਐਸੋਸੀਏਸ਼ਨ ਦੇ ਪ੍ਰਤੀਨਿਧੀ ਸ੍ਰੀ ਪੁਨੀਤ ਇਸ਼ਾਰ, ਸ੍ਰੀ ਇੰਦਰਜੀਤ ਸਿੰਘ, ਸ੍ਰੀ ਕਰਤਾਰ ਸਿੰਘ, ਸ੍ਰੀ ਹਰਪ੍ਰੀਤ ਸਿੰਘ ਰੌਬਿਨ, ਸ੍ਰੀ ਅੰਸ਼ੁਲ ਅਗਰਵਾਲ ਅਤੇ ਸ੍ਰੀ ਰਾਜੀਵ ਕਪੂਰ ਹਾਜ਼ਰ ਸਨ। ਇਸ ਮੌਕੇ ਇੱਕ ਵਾਤਾਵਰਣ ਪ੍ਰੇਮੀ ਬੀਬੀ ਵੱਲੋਂ ਆਪਣੇ ਸਵਰਗਵਾਸੀ ਮਾਤਾ-ਪਿਤਾ ਦੀ ਪਾਵਨ ਯਾਦ ਵਿੱਚ ਫੋਕਲ ਪੁਆਇੰਟ ਯੂਨਾਇਟਡ ਇੰਡਸਟਰੀਜ਼ ਐਸੋਸੀਏਸ਼ਨ ਰਾਹੀਂ ਅੰਮ੍ਰਿਤਸਰ ਹਰਿਆਵਲ ਮੰਚ ਨੂੰ ਇੱਕ ਅਰਥ ਔਗਰ ਮਸ਼ੀਨ ਭੇਟ ਕੀਤੀ ਗਈ। ਇਹ ਮਸ਼ੀਨ ਪੌਧੇ ਲਗਾਉਣ ਲਈ ਟੋਏ ਪੁੱਟਣ ਦੇ ਕੰਮ ਨੂੰ ਤੇਜ਼ ਅਤੇ ਸੁਵਿਧਾਜਨਕ ਬਣਾਏਗੀ, ਜਿਸ ਨਾਲ ਵੱਡੇ ਪੱਧਰ 'ਤੇ ਪੌਧਾਰੋਪਣ ਮੁਹਿੰਮਾਂ ਨੂੰ ਹੋਰ ਗਤੀ ਮਿਲੇਗੀ। ਐਸੋਸੀਏਸ਼ਨ ਦੇ ਪ੍ਰਤੀਨਿਧੀ ਸ੍ਰੀ ਪੁਨੀਤ ਇਸ਼ਾਰ ਨੇ ਦੱਸਿਆ ਕਿ ਫੋਕਲ ਪੁਆਇੰਟ ਯੂਨਾਇਟਡ ਇੰਡਸਟਰੀਜ਼ ਐਸੋਸੀਏਸ਼ਨ ਪਿਛਲੇ ਕਈ ਸਾਲਾਂ ਤੋਂ ਅੰਮ੍ਰਿਤਸਰ ਹਰਿਆਵਲ ਮੰਚ ਦੇ ਸਹਿਯੋਗ ਨਾਲ ਪੌਧਾਰੋਪਣ ਕਰਦੀ ਆ ਰਹੀ ਹੈ। ਇਸ ਸਾਂਝੇ ਯਤਨ ਤਹਿਤ ਪਹਿਲਾਂ ਹੀ ਦੋ ਮਿੰਨੀ ਜੰਗਲ ਵਿਕਸਤ ਕੀਤੇ ਜਾ ਚੁੱਕੇ ਹਨ, ਜੋ ਅੱਜ ਉਦਯੋਗਿਕ ਖੇਤਰ ਦੀ ਹਰਿਆਲੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਅੰਮ੍ਰਿਤਸਰ ਹਰਿਆਵਲ ਮੰਚ ਦੇ ਪ੍ਰਧਾਨ ਇੰਜੀ. ਦਲਜੀਤ ਸਿੰਘ ਕੋਹਲੀ ਨੇ ਦਾਨੀ ਪਰਿਵਾਰ ਅਤੇ ਫੋਕਲ ਪੁਆਇੰਟ ਯੂਨਾਇਟਡ ਇੰਡਸਟਰੀਜ਼ ਐਸੋਸੀਏਸ਼ਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਸ਼ਹਿਰ ਵਿੱਚ ਵਾਤਾਵਰਣ ਸੰਭਾਲ ਦੀ ਲਹਿਰ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਵੱਧ ਤੋਂ ਵੱਧ ਲੋਕ ਰੁੱਖ ਲਗਾਉਣ ਲਈ ਪ੍ਰੇਰਿਤ ਹੋਣਗੇ। ਇਸ ਮੌਕੇ ਅਰਥ ਔਗਰ ਮਸ਼ੀਨ ਅੰਮ੍ਰਿਤਸਰ ਹਰਿਆਵਲ ਮੰਚ ਦੀ ਟੀਮ ਦੇ ਮੈਂਬਰ ਸ੍ਰੀ ਮਨਦੀਪ ਸਿੰਘ, ਸ੍ਰੀ ਗੁਰਮੀਤ ਸਿੰਘ ਭੱਟੀ ਅਤੇ ਸ੍ਰੀ ਲਖਬੀਰ ਸਿੰਘ ਘੁੰਮਣ ਨੂੰ ਸੌਂਪੀ ਗਈ। ਅੰਤ ਵਿੱਚ ਸਮੂਹ ਉਦਯੋਗਪਤੀਆਂ ਨੇ ਸੰਕਲਪ ਲਿਆ ਕਿ ਫੋਕਲ ਪੁਆਇੰਟ ਯੂਨਾਇਟਡ ਇੰਡਸਟਰੀਜ਼ ਐਸੋਸੀਏਸ਼ਨ ਦੇ ਬੈਨਰ ਹੇਠ ਓਲਡ ਫੋਕਲ ਪੁਆਇੰਟ ਨੂੰ ਹਰਿਆ-ਭਰਿਆ, ਸਾਫ਼-ਸੁਥਰਾ ਅਤੇ ਟਿਕਾਊ ਉਦਯੋਗਿਕ ਖੇਤਰ ਬਣਾਉਣ ਲਈ ਪੌਧਾਰੋਪਣ ਅਤੇ ਵਾਤਾਵਰਣ ਸੰਭਾਲ ਦੀਆਂ ਮੁਹਿੰਮਾਂ ਲਗਾਤਾਰ ਜਾਰੀ ਰੱਖੀਆਂ ਜਾਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਫੌਜ ਦੀ ਡਿਊਟੀ ਦੌਰਾਨ ਕਿਸੇ ਭੀ ਕਾਰਨ ਹੋਈ ਮੌਤ ਉਪਰੰਤ ਘਟੋ ਘੱਟ 50 ਲੱਖ ਦੀ ਰਾਸ਼ੀ ਮਦਦ ਅਤੇ ਇਕ ਪਰਿਵਾਰਕ ਮੈਬਰ ਨੂੰ ਸਰਕਾਰੀ ਨੌਕਰੀ ਦੇਵੇ ਪੰਜਾਬ ਸਰਕਾਰ - ਕੈਪਟਨ ਸਿੱਧੂ



**ਬਰਨਾਲਾ ( ਰਣਜੀਤ ਸਿੰਘ ਪੇਧਨੀ )**-ਫੌਜ ਵਿੱਚ ਡਿਊਟੀ ਦੌਰਾਨ ਮੌਤ ਦਾ ਭਾਵੇਂ ਕੋਈ ਭੀ ਕਾਰਨ ਹੋਵੇ ਉਸ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਘੱਟੋ ਘੱਟ 50 ਲੱਖ ਰੁਪਏ ਬਤੌਰ ਮੱਦਦ ਅਤੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਵੇ ਅਤੇ ਅਗਨੀਵੀਰਾ ਨੂੰ ਭੀ ਐਕਟਿਵ ਫੋਜੀ ਦੇ ਬਰਾਬਰ ਸਹੂਲਤਾਂ ਦੇਵੇ ਕੇਂਦਰ ਸਰਕਾਰ ਇਹ ਵਿਚਾਰ ਭਾਜਪਾ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਭਦੌੜ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਸ਼ਹੀਦ ਸਿਮਰਨਦੀਪ ਸਿੰਘ 3 ਸਿਖਲਾਈ ਦੇ ਸਿਪਾਹੀ ਦੀ ਦੂਜੀ ਬਰਸੀ ਤੇ ਸਰਧਾਂਜਲੀ ਦੇਣ ਉਪਰੰਤ ਪ੍ਰੈਸ ਨੋਟ ਜਾਰੀ ਕਰਦਿਆ ਉਹਨਾਂ ਦੱਸਿਆ ਕਿ ਕਿ ਸਿਮਰਨਦੀਪ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਸੀ ਪ੍ਰੰਤੂ ਨਾ ਤਾਂ ਫੌਜ ਨੇ ਅਤੇ ਨਾ ਹੀ ਪੰਜਾਬ ਸਰਕਾਰ ਨੇ ਪਰਿਵਾਰ ਨੂੰ ਕੋਈ ਸਹੂਲਤ ਦਿੱਤੀ ਹੈ ਜਿਹੜਾ ਕੇ ਇਕ ਦੇਸ ਭਗਤ ਪਰਿਵਾਰ ਨਾਲ ਧੱਕਾ ਹੈ ਸਾਰਾ ਪਰਿਵਾਰ ਹੀ ਦੇਸ਼ ਦੀ ਰੱਖਿਆ ਨਾਲ ਜੁੜਿਆ ਹੋਇਆ ਹੈ ਪਹਿਲਾ ਦਾਦਾ ਜੀ ਫੌਜ ਵਿੱਚ ਸਨ ਅਤੇ ਪਿਤਾ ਭੀ ਫੌਜ ਵਿੱਚੋ ਸੂਬੇਦਾਰ ਰਿਟਾਇਰ ਹਨ ਪਰ ਦੇਸ਼ ਦੀ ਰਾਖੀ ਕਰਦਿਆਂ ਕਰਦਿਆ ਵੱਡਾ ਹਾਦਸਾ ਪਰਿਵਾਰ ਨਾਲ ਵਾਪਰ ਗਿਆ ਸੀ ਜਿਸ ਦਾ ਭਾਰ ਸੂਬੇਦਾਰ ਇੰਦਰਜੀਤ ਸਿੰਘ ਲਈ ਅਸਹਿ ਹੈ ਸਿੱਧੂ ਨੇ ਮੰਗ ਕੀਤੀ ਕੇ ਪਰਿਵਾਰ ਨੂੰ ਪੰਜਾਬ ਸਰਕਾਰ ਬਣਦਾ ਮੁਆਵਜਾ ਅਤੇ ਇਕ ਨੌਕਰੀ ਤੁਰੰਤ ਪ੍ਰਦਾਨ ਕਰੇ ਇਸ ਮੌਕੇ ਉਹਨਾਂ ਦੀ ਯੂਨਿਟ ਵੱਲੋ ਕੈਪਟਨ ਬਿੱਕਰ ਸਿੰਘ ਸੂਬੇਦਾਰ ਪਰਮਿੰਦਰ ਸਿੰਘ ਸੂਬੇਦਾਰ ਸੁਖਵਿੰਦਰ ਸਿੰਘ ਸਿਪਾਹੀ ਰਮਨਦੀਪ ਸਿੰਘ ਅਤੇ ਕੈਪਟਨ ਸਿੰਗਾਰਾ ਸਿੰਘ ਹਾਜਰ ਸਨ ਸੈਨਿਕ ਵਿੰਗ ਵੱਲੋ ਸੂਬੇਦਾਰ ਧੰਨਾ ਸਿੰਘ ਸੂਬੇਦਾਰ ਜਗਮੇਲ ਸਿੰਘ ਸੂਬੇਦਾਰ ਗੁਰਤੇਜ ਸਿੰਘ ਸੂਬੇਦਾਰ ਬੂਟਾ ਸਿੰਘ ਸੂਬੇਦਾਰ ਸੇਰ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਹੌਲਦਾਰ ਬਸੰਤ ਸਿੰਘ ਅਤੇ ਹੋਰ ਸਾਬਕਾ ਸੈਨਿਕ ਅਤੇ ਰਿਸ਼ਤੇਦਾਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਐਸ.ਐਮ.ਓ. ਤਲਵੰਡੀ ਸਾਬੋ ਵੱਲੋਂ ਵਧੀਆ ਕਾਰਗੁਜ਼ਾਰੀ ਲਈ

# ਹਸਪਤਾਲ ਦੇ ਕਰਮਚਾਰੀਆਂ ਨੂੰ ਦਿੱਤਾ ਗਿਆ ਵਿਸ਼ੇਸ਼ ਸਨਮਾਨ







**ਤਲਵੰਡੀ ਸਾਬੋ, 30 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਮਾਣਯੋਗ ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸੀਨੀਅਰ ਮੈਡੀਕਲ ਅਫਸਰ ਇੰ: ਐਸ.ਡੀ.ਐਚ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਵੱਲੋਂ ਐਸ.ਡੀ.ਐਚ ਤਲਵੰਡੀ ਸਾਬੋ ਦੇ ਵੱਖ-ਵੱਖ ਵਿੰਗਾਂ ਦੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਇੰਮਪਲਾਈ ਆਫ ਦਾ ਮੰਥ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸ਼੍ਰੀ ਬਲਦੇਵ ਸਿੰਘ ਰੋਮਾਣਾ ਐਮ.ਐਲ.ਟੀ, ਸ੍ਰੀਮਤੀ ਅੰਜੂ ਸਟਾਫ ਨਰਸ, ਸ਼੍ਰੀ ਹਰਪ੍ਰੀਤ ਸ਼ਰਮਾਂ ਫਾਰਮੇਸੀ ਅਫਸਰ, ਸ੍ਰੀ ਮੁਨੀਸ਼ ਕੁਮਾਰ ਦਰਜਾਚਾਰ, ਸ਼੍ਰੀ ਜਗਜੀਤ ਸਿੰਘ ਦਰਜਾਚਾਰ ਆਦਿ ਸ਼ਾਮਿਲ ਸਨ। ਡਾ. ਰਵੀਕਾਂਤ ਗੁਪਤਾ ਨੇ ਦੱਸਿਆ ਕਿ ਸੰਸਥਾ ਵਿੱਚ ਆਪਣੀ ਡਿਊਟੀ ਦੌਰਾਨ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਕਰਮਚਾਰੀਆਂ ਨੂੰ ਹੁਣ ਤੋਂ ਲਗਾਤਾਰ ਹਰ ਮਹੀਨੇ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਨਾਂ ਕਿਹਾ ਕਿ ਇਸ ਨਾਲ ਸੰਸਥਾਂ ਦੇ ਕਰਮਚਾਰੀਆਂ ਵਿੱਚ ਪੇਸ਼ੇਵਰ, ਗੁਣਵੱਤਾ ਭਰਭੂਰ ਤੇ ਵਧੀਆ ਕੰਮ ਕਰਨ ਦਾ ਮਾਹੌਲ ਬਣੇਗਾ। ਉਨਾਂ ਕਿਹਾ ਕਿ ਸਾਰੇ ਕਰਮਚਾਰੀਆਂ ਦੀ ਮਿਹਨਤ ਦੇ ਬਦੌਲਤ ਅੱਜ ਸੰਸਥਾਂ ਦਾ ਨਾਮ ਪੰਜਾਬ ਦੇ ਚੰਗੇ ਹਸਪਤਾਲਾਂ ਦੀ ਸੂਚੀ ਵਿੱਚ ਆ ਗਿਆ ਹੈ। ਉਨਾਂ ਸਾਰੇ ਕਰਮਚਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਦਿਲਚਸਪੀ ਨਾਲ ਆਪਣੀ ਡਿਊਟੀ ਨਿਭਾਉਣ ਲਈ ਕਿਹਾ। ਉਨਾਂ ਕਰਮਚਾਰੀਆਂ ਨੂੰ ਮਰੀਜ਼ਾਂ ਦੀ ਨਿਰਸਵਾਰਥ ਸੇਵਾ ਕਰਨ ਦਾ ਅਹਿਦ ਲੈਣ ਲਈ ਕਿਹਾ ਅਤੇ ਕਰਮਚਾਰੀਆਂ ਤੋਂ ਸੰਸਥਾਂ ਦੀ ਬਿਹਤਰੀ ਲਈ ਸਹਿਯੋਗ ਦੀ ਮੰਗ ਕੀਤੀ ਤੇ ਕਿਹਾ ਕਿ ਕੋਈ ਵੀ ਸੰਸਥਾਂ ਆਪਣੇ ਕਰਮਚਾਰੀਆਂ ਦੀ ਮਿਹਨਤ ਤੋਂ ਬਗੈਰ ਕੁਝ ਵੀ ਨਹੀਂ ਕਰ ਸਕਦੀ, ਜੇਕਰ ਸਾਰੇ ਕਰਮਚਾਰੀ ਆਪਣੇ ਤਨ-ਮਨ ਨਾਲ ਸਾਥ ਦੇਣ ਤਾਂ ਕੋਈ ਵੀ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨਾਂ ਸਭ ਨੂੰ ਆਪਣੀ ਡਿਊਟੀ ਮਰੀਜ਼ਾਂ ਦੀ ਸੇਵਾ ਭਾਵਨਾ ਅਤੇ ਇਮਾਨਦਾਰੀ ਨਾਲ ਕਰਨ ਦਾ ਸੰਦੇਸ਼ ਦਿੱਤਾ। ਉਨਾਂ ਕਿਹਾ ਕਿ ਮੈਡੀਕਲ ਪ੍ਰੋਫੈਸ਼ਨ ਹੀ ਇੱਕ ਅਜਿਹਾ ਪ੍ਰੋਫੈਸ਼ਨ ਹੈ ਜਿਸ ਵਿੱਚ ਅਸੀਂ ਮਰੀਜ਼ਾਂ ਦੀ ਸੇਵਾ ਕਰਕੇ ਇਨਸਾਨੀਅਤ ਦੀ ਸੇਵਾ ਕਰ ਸਕਦੇ ਹਾਂ। ਇਸ ਸਮੇਂ ਵੱਖ-ਵੱਖ ਵਿੰਗਾਂ ਦੇ ਕਰਮਚਾਰੀ ਹਾਜਰ ਸਨ ਜਿਨਾਂ ਵਿੱਚ ਸ੍ਰੀ ਬਲਦੇਵ ਸਿੰਘ ਰੋਮਾਣਾ, ਸ੍ਰੀਮਤੀ ਅਮਨਦੀਪ ਕੌਰ, ਸ਼੍ਰੀ ਹਰਪ੍ਰੀਤ ਸ਼ਰਮਾ, ਸ੍ਰੀਮਤੀ ਰਮਨਦੀਪ ਕੌਰ, ਸ਼੍ਰੀ ਵੀਰਭਾਨ, ਸ਼੍ਰੀ ਹਰਮਨ ਠੁਕਰਾਲ ਅਤੇ ਡਾ. ਮੋਹਿਤਾ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਅੰਤਿਮ ਅਰਦਾਸ ਮੌਕੇ ਜੀਵਨ ਯਾਤਰਾ ਅਤੇ ਸ਼ਰਧਾਂਜਲੀ

# ਜੀਵਨ ਦੀ ਅਸਲ ਕਾਮਯਾਬੀ ਲੰਮੀ ਉਮਰ ਵਿੱਚ ਨਹੀਂ, ਸਗੋਂ ਉਨ੍ਹਾਂ ਨੇਕ ਕਰਮਾਂ ਵਿੱਚ ਹੁੰਦੀ ਹੈ ਜੋ ਮਨੁੱਖ ਆਪਣੇ ਪਿੱਛੇ ਛੱਡ ਜਾਂਦੇ



**ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ)** :— ਅੱਜ ਅਸੀਂ ਇੱਕ ਅਜਿਹੀ ਨੇਕ, ਸਾਦਗੀ ਭਰੀ, ਸੇਵਾ ਭਾਵਨਾ ਨਾਲ ਭਰਪੂਰ ਅਤੇ ਪ੍ਰੇਰਣਾਦਾਇਕ ਸ਼ਖ਼ਸੀਅਤ ਸਵਰਗਵਾਸੀ ਸ੍ਰੀਮਤੀ ਕਵਲਜੀਤ ਖਿੰਦੜੀ ਨੂੰ ਨਿਮਰ ਸ਼ਰਧਾਂਜਲੀ ਭੇਟ ਕਰਨ ਲਈ ਇਕੱਤਰ ਹੋਏ ਹਾਂ। ਸ੍ਰੀਮਤੀ ਕਵਲਜੀਤ ਖਿੰਦੜੀ ਦਾ ਜਨਮ 22 ਨਵੰਬਰ 1952 ਨੂੰ ਸ੍ਰੀ ਧਨਪਤ ਰਾਏ ਅਤੇ ਸ੍ਰੀਮਤੀ ਵਿਦਿਆਵੰਤੀ ਦੇ ਸੁਸੰਸਕ੍ਰਿਤ ਪਰਿਵਾਰ ਵਿੱਚ ਹੋਇਆ। ਉਹ ਆਪਣੇ ਪੇਕੇ ਪਰਿਵਾਰ ਦੀ ਬਹੁਤ ਹੀ ਲਾਡਲੀ ਧੀ ਸਨ ਅਤੇ ਬਚਪਨ ਤੋਂ ਹੀ ਉਨ੍ਹਾਂ ਨੇ ਨਿਮਰਤਾ, ਸਾਦਗੀ, ਮਿਹਨਤ, ਸੇਵਾ ਭਾਵਨਾ ਅਤੇ ਉੱਚੇ ਸੰਸਕਾਰਾਂ ਨੂੰ ਆਪਣੇ ਜੀਵਨ ਦਾ ਅਧਾਰ ਬਣਾਇਆ। ਸਾਲ 1978 ਵਿੱਚ ਉਨ੍ਹਾਂ ਦਾ ਵਿਆਹ ਸ੍ਰੀ ਹਰੀ ਰਾਮ ਖਿੰਦੜੀ ਨਾਲ ਹੋਇਆ ਅਤੇ ਵਿਆਹ ਉਪਰੰਤ ਉਨ੍ਹਾਂ ਨੇ ਆਪਣੇ ਸਹੁਰਾ ਪਰਿਵਾਰ ਨੂੰ ਪੂਰੇ ਦਿਲੋਂ ਅਪਣਾਇਆ। ਉਹ ਇੱਕ ਆਦਰਸ਼ ਨੂੰਹ ਸਨ, ਜਿਨ੍ਹਾਂ ਨੇ ਆਪਣੇ ਸੱਸ ਸਹੁਰੇ ਅਤੇ ਨਿੱਕੇ ਦੇਵਰਾਂ ਦੀ ਤਨ ਮਨ ਨਾਲ ਸੇਵਾ ਕੀਤੀ, ਉਨ੍ਹਾਂ ਦੀ ਸੇਵਾ, ਨਿਮਰਤਾ ਅਤੇ ਪਿਆਰ ਭਰੇ ਸੁਭਾਅ ਨੇ ਉਨ੍ਹਾਂ ਨੂੰ ਪਰਿਵਾਰ ਦਾ ਕੇਂਦਰ ਬਣਾ ਦਿੱਤਾ। ਉਨ੍ਹਾਂ ਨੇ ਪੰਜਾਬ ਸਿੱਖਿਆ ਵਿਭਾਗ ਵਿੱਚ ਅਧਿਆਪਕਾ ਵਜੋਂ ਲੰਬੇ ਸਮੇਂ ਤੱਕ ਇਮਾਨਦਾਰੀ, ਅਨੁਸ਼ਾਸਨ ਅਤੇ ਸਮਰਪਣ ਨਾਲ ਸੇਵਾਵਾਂ ਨਿਭਾਈਆਂ। ਉਨ੍ਹਾਂ ਲਈ ਅਧਿਆਪਨ ਸਿਰਫ਼ ਇੱਕ ਨੌਕਰੀ ਨਹੀਂ, ਸਗੋਂ ਸਮਾਜ ਸੇਵਾ ਦਾ ਪਵਿੱਤਰ ਮਾਧਿਅਮ ਸੀ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ ਨਾਲ ਚੰਗੇ ਸੰਸਕਾਰਾਂ ਦੀ ਸਿੱਖਿਆ ਵੀ ਦਿੱਤੀ ਅਤੇ ਸਾਲ 2010 ਵਿੱਚ ਉਹ ਸੇਵਾਮੁਕਤ ਹੋਏ, ਪਰ ਸਮਾਜ ਅਤੇ ਪਰਿਵਾਰ ਪ੍ਰਤੀ ਉਨ੍ਹਾਂ ਦੀ ਸੇਵਾ ਕਦੇ ਵੀ ਸੇਵਾਮੁਕਤ ਨਾ ਹੋਈ। ਸਾਲ 2013 ਵਿੱਚ ਪਰਿਵਾਰ ਦੇ ਜੀਵਨ ਵਿੱਚ ਇੱਕ ਬਹੁਤ ਹੀ ਭਿਆਨਕ ਮੋੜ ਆਇਆ, ਜਦੋਂ ਸ੍ਰੀਮਤੀ ਕਵਲਜੀਤ ਖਿੰਦੜੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਸ੍ਰੀ ਹਰੀ ਰਾਮ ਖਿੰਦੜੀ ਇੱਕ ਗੰਭੀਰ ਸੜਕ ਹਾਦਸੇ ਦਾ ਸ਼ਿਕਾਰ ਹੋਏ। ਇਸ ਹਾਦਸੇ ਵਿੱਚ ਦੋਵੇਂ ਜੀਅ ਬਹੁਤ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਅਤੇ ਲੰਬੇ ਸਮੇਂ ਤੱਕ ਇਲਾਜ ਅਤੇ ਸਰੀਰਕ ਪੀੜਾ ਸਹਿਣ ਦੇ ਬਾਵਜੂਦ ਉਨ੍ਹਾਂ ਨੇ ਹਿੰਮਤ, ਸਬਰ ਅਤੇ ਅਟੁੱਟ ਵਿਸ਼ਵਾਸ ਦਾ ਪੱਲਾ ਨਹੀਂ ਛੱਡਿਆ। ਇਸ ਔਖੇ ਸਮੇਂ ਵਿੱਚ ਵੀ ਉਹ ਆਪਣੇ ਪਰਿਵਾਰ ਲਈ ਹੌਸਲੇ ਅਤੇ ਦ੍ਰਿੜ੍ਹ ਇਰਾਦੇ ਦੀ ਮਿਸਾਲ ਬਣੇ ਰਹੇ। ਪਰਿਵਾਰਕ ਜੀਵਨ ਵਿੱਚ ਉਹ ਇੱਕ ਆਦਰਸ਼ ਪਤਨੀ, ਮਮਤਾਮਈ ਮਾਂ ਅਤੇ ਪਰਿਵਾਰ ਨੂੰ ਜੋੜ ਕੇ ਰੱਖਣ ਵਾਲੀ ਸ਼ਖ਼ਸੀਅਤ ਸਨ, ਪਰਮਾਤਮਾ ਨੇ ਉਨ੍ਹਾਂ ਨੂੰ ਤਿੰਨ ਸੁਪੁੱਤਰ ਰੋਹਿਤ, ਸੁਮਿਤ ਅਤੇ ਅਮਿਤ ਦੀ ਦਾਤ ਬਖ਼ਸ਼ੀ। ਉਨ੍ਹਾਂ ਨੇ ਆਪਣੇ ਬੱਚਿਆਂ ਦੀ ਪਰਵਰਿਸ਼ ਪਿਆਰ, ਮਿਹਨਤ ਅਤੇ ਉੱਚੇ ਸੰਸਕਾਰਾਂ ਨਾਲ ਕੀਤੀ। ਉਨ੍ਹਾਂ ਨੇ ਆਪਣੀਆਂ ਨੂੰਹਾਂ ਨੂੰ ਕਦੇ ਨੂੰਹਾਂ ਨਹੀਂ, ਸਗੋਂ ਧੀਆਂ ਤੋਂ ਵੀ ਵੱਧ ਪਿਆਰ, ਮਾਣ ਅਤੇ ਸਤਿਕਾਰ ਦਿੱਤਾ। ਉਨ੍ਹਾਂ ਦਾ ਘਰ ਆਪਸੀ ਪਿਆਰ, ਸਤਿਕਾਰ ਅਤੇ ਸਾਂਝ ਦਾ ਪ੍ਰਤੀਕ ਸੀ। ਆਪਣੇ ਪੋਤਰੇ ਪੋਤਰੀਆਂ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਉਨ੍ਹਾਂ ਦੀ ਜਾਨ ਆਪਣੇ ਪੋਤਰੇ ਪੋਤਰੀਆਂ ਵਿੱਚ ਵੱਸਦੀ ਸੀ। ਉਨ੍ਹਾਂ ਦੀ ਹਰ ਮੁਸਕਾਨ ਵਿੱਚ ਉਹ ਆਪਣੀ ਖ਼ੁਸ਼ੀ ਵੇਖਦੇ ਸਨ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਲਈ ਹਮੇਸ਼ਾ ਅਰਦਾਸ ਕਰਦੇ ਰਹਿੰਦੇ ਸਨ। ਸ੍ਰੀਮਤੀ ਕਵਲਜੀਤ ਖਿੰਦੜੀ ਦਾ ਸਾਰਾ ਜੀਵਨ ਸਾਦਗੀ, ਸੇਵਾ, ਤਿਆਗ, ਪਿਆਰ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪ੍ਰਤੀਕ ਰਿਹਾ। ਉਨ੍ਹਾਂ ਨੇ ਰਿਸ਼ਤਿਆਂ ਨੂੰ ਸਿਰਫ਼ ਨਿਭਾਇਆ ਹੀ ਨਹੀਂ, ਸਗੋਂ ਉਨ੍ਹਾਂ ਨੂੰ ਪਿਆਰ ਨਾਲ ਸੀਚਿਆ। ਉਹ ਜਿੱਥੇ ਵੀ ਰਹੇ, ਆਪਣੇ ਨੇਕ ਸੁਭਾਅ ਅਤੇ ਮਿੱਠੇ ਬੋਲਾਂ ਨਾਲ ਹਰ ਦਿਲ ਵਿੱਚ ਆਪਣਾ ਸਥਾਨ ਬਣਾਉਂਦੇ ਰਹੇ। 20 ਜੁਲਾਈ 2026 ਨੂੰ ਉਹ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਵਿਛੋੜੇ ਨਾਲ ਪਰਿਵਾਰ, ਰਿਸ਼ਤੇਦਾਰਾਂ, ਮਿੱਤਰਾਂ ਅਤੇ ਜਾਣ ਪਛਾਣ ਵਾਲਿਆਂ ਨੂੰ ਜੋ ਘਾਟਾ ਪਿਆ ਹੈ, ਉਹ ਕਦੇ ਪੂਰਾ ਨਹੀਂ ਹੋ ਸਕਦਾ, ਪਰ ਉਨ੍ਹਾਂ ਦੇ ਉੱਚੇ ਸੰਸਕਾਰ, ਨੇਕ ਕਰਮ, ਸੇਵਾ ਭਾਵਨਾ ਅਤੇ ਪਿਆਰ ਭਰੀਆਂ ਯਾਦਾਂ ਸਦਾ ਸਾਡੇ ਜੀਵਨ ਦਾ ਰਾਹ ਰੌਸ਼ਨ ਕਰਦੀਆਂ ਰਹਿਣਗੀਆਂ। ਅਕਾਲ ਪੁਰਖ ਅੱਗੇ ਨਿਮਰ ਅਰਦਾਸ ਹੈ ਕਿ ਵਿਛੜੀ ਹੋਈ ਇਸ ਨੇਕ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਸਮੂਹ ਪਰਿਵਾਰ ਨੂੰ ਇਹ ਭਾਣਾ ਮੰਨਣ ਦੀ ਸ਼ਕਤੀ, ਹੌਸਲਾ ਅਤੇ ਚੜ੍ਹਦੀ ਕਲਾ ਬਖ਼ਸ਼ਣ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਨਾਨਕ ਮਲਟੀਵਰਸਿਟੀ ਵੱਲੋਂ ਪਿੰਡ ਕੌਰੇਆਣਾ ਵਿਖੇ ਕਰਵਾਏ ਗੁਰਮਤਿ ਮੁਕਾਬਲੇ ਅਤੇ ਗੁਰਮਤਿ ਸਮਾਗਮ






**ਤਲਵੰਡੀ ਸਾਬੋ, 30 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਗੁਰਦੁਆਰਾ ਕਲਗੀਧਰ ਸਾਹਿਬ, ਪਿੰਡ ਕੌਰੇਆਣਾ ਵਿਖੇ ਗੁਰੂ ਨਾਨਕ ਮਲਟੀਵਰਸਿਟੀ ਲੁਧਿਆਣਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਮੁਕਾਬਲੇ ਅਤੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ 5 ਗੁਰਦੁਆਰਾ ਸਾਹਿਬਾਨ ਅਤੇ 11 ਸਕੂਲਾਂ ਦੇ ਕੁੱਲ 525 ਬੱਚਿਆਂ ਨੇ ਗੁਰਮਤਿ ਪ੍ਰੀਖਿਆ ਵਿੱਚ ਭਾਗ ਲਿਆ। ਪ੍ਰੀਖਿਆ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਆਕਰਸ਼ਕ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ, ਜਦਕਿ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਡਲ, ਸਰਟੀਫਿਕੇਟ ਅਤੇ ਕਾਪੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਜਸਵਿੰਦਰ ਸਿੰਘ ਖਾਲਸਾ (ਇੰਗਲੈਂਡ) ਆਪਣੇ ਬੱਚਿਆਂ ਦੀ ਕੀਰਤਨ ਟੀਮ ਅਤੇ ਢਾਡੀ ਜਥੇ ਸਮੇਤ ਸ਼ਾਮਲ ਹੋਏ। ਉਨ੍ਹਾਂ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਹਾਜ਼ਰ ਸੰਗਤਾਂ ਨੇ ਸਮਾਗਮ ਦੀ ਭਰਪੂਰ ਸ਼ਲਾਘਾ ਕਰਦਿਆਂ ਇਸ ਨੂੰ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਇੱਕ ਸ਼ਲਾਘਾਯੋਗ ਉਪਰਾਲਾ ਦੱਸਿਆ। ਇਸ ਮੌਕੇ ਭਾਈ ਜਸਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਗੁਰੂ ਨਾਨਕ ਮਲਟੀਵਰਸਿਟੀ ਲੁਧਿਆਣਾ ਵੱਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਐਜੂਕੇਟ ਪੰਜਾਬ ਪ੍ਰੋਜੈਕਟ ਤਹਿਤ ਪੂਰੇ ਪੰਜਾਬ ਵਿੱਚ ਲਗਭਗ 6,000 ਬੱਚਿਆਂ ਦੀਆਂ ਫੀਸਾਂ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੰਸਥਾ ਵੱਲੋਂ ਮੁਫ਼ਤ ਗੁਰੂ ਨਾਨਕ ਅਕੈਡਮੀਆਂ ਵੀ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਸਥਾ ਦਾ ਮੁੱਖ ਟੀਚਾ ਬੱਚਿਆਂ ਨੂੰ ਧਾਰਮਿਕ ਅਤੇ ਦੁਨਿਆਵੀ ਸਿੱਖਿਆ ਦੇ ਕੇ ਉੱਚ ਅਹੁਦਿਆਂ ਤੱਕ ਪਹੁੰਚਾਉਣਾ ਹੈ। ਇਸ ਮੌਕੇ ਭਾਈ ਜਸਵਿੰਦਰ ਸਿੰਘ ਖਾਲਸਾ (ਇੰਗਲੈਂਡ), ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਕਲਗੀਧਰ ਸਾਹਿਬ ਕੌਰੇਆਣਾ, ਗ੍ਰੰਥੀ ਭਾਈ ਸੁਖਦੀਪ ਸਿੰਘ, ਜੋਨ ਇੰਚਾਰਜ ਬਠਿੰਡਾ ਦੇ ਯੂਥ ਕੌਂਸਲਰ ਭਾਈ ਜਸਵੀਰ ਸਿੰਘ, ਮੈਡਮ ਸਤਵੰਤ ਕੌਰ, ਭਾਈ ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਭਾਈ ਹਰਜੀਤ ਸਿੰਘ, ਵੱਖ-ਵੱਖ ਸਕੂਲਾਂ ਦੇ ਅਧਿਆਪਕ, ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਸ਼ਵ ਭਾਈ ਮਰਦਾਨਾ ਸੋਸਾਇਟੀ ਦੇ ਕਮੇਟੀ ਪ੍ਰਧਾਨ ਅਸ਼ੋਕ ਸਚਦੇਵਾ ਵੱਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ



**ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ)** :— ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੇ ਮੀਰੀ ਪੀਰੀ ਪਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਫਿਰੋਜ਼ਪੁਰ ਸ਼ਹਿਰ ਪੁੱਜਣ ਤੇ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਅਤੇ ਮਿਉਸਪਲ ਕਮੇਟੀ ਦੇ ਪ੍ਰਧਾਨ ਸ੍ਰੀ ਅਸ਼ੋਕ ਸਚਦੇਵਾ ਵੱਲੋਂ ਸਵਾਗਤ ਕੀਤਾ ਗਿਆ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੀਰੀ ਪੀਰੀ ਦੇ ਪਰਕਾਸ਼ ਦਿਵਸ ਮੌਕੇ ਨਗਰ ਕੀਰਤਨ ਜੋਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 24 ਮਈ ਨੂੰ ਚੱਲਿਆ ਸੀ, ਅੱਜ ਫਿਰੋਜ਼ਪੁਰ ਸ਼ਹਿਰ ਪਹੁੰਚਿਆ ਜਿਸ ਦਾ ਫਿਰੋਜ਼ਪੁਰ ਦੀਆਂ ਸੰਗਤਾਂ ਵੱਲੋਂ ਜੀ ਆਇਆ ਆਖਿਆ ਗਿਆ। ਇੰਟਰਨੈਸ਼ਨਲ ਭਾਈ ਮਰਦਾਨਾ ਸੋਸਾਇਟੀ ਵੱਲੋਂ ਅਗਰਸੈਨ ਚੌਕ ਵਿੱਚ ਨਗਰ ਕੀਰਤਨ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਸਮੋਸਿਆ ਦਾ ਲੰਗਰ ਲਗਾਇਆ ਗਿਆ। ਇਹ ਨਗਰ ਕੀਰਤਨ ਕਲ ਰਾਤ ਗੁਰੂਦੁਆਰਾ ਜਾਮਨੀ ਸਾਹਿਬ ਵਜੀਦਪੁਰ ਰੁਕਿਆ ਸੀ ਅਤੇ ਅੱਜ ਸਵੇਰੇ ਚਲਕੇ ਫਿਰੋਜ਼ਪੁਰ ਕੈਂਟ ਅਤੇ ਸ਼ਹਿਰ ਤੋਂ ਹੁੰਦਾ ਹੋਇਆ ਰਾਤ ਫਰੀਦਕੋਟ ਪੜਾਅ ਹੋਵੇਗਾ। ਇਸ ਮੌਕੇ ਹਰਜੀਤ ਸਿੰਘ ਧਾਲੀਵਾਲ, ਰਜੇਸ਼ ਕੁਮਾਰ, ਦਰਸ਼ਨ ਲਾਲ ਹੀਰਾ, ਇੰਦਰਪਾਲ ਪ੍ਰਿੰਸ, ਬਾਬਾ ਸਰੂਪ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ।

### ਐਚਐਮਈਐਲ ਦੇ ਸਕਿਲ ਡਿਵੈਲਪਮੈਂਟ ਕੇਂਦਰਾਂ ਤੋਂ ਸਿਖਲਾਈ ਪ੍ਰਾਪਤ ਕਰਕੇ 480 ਨੌਜਵਾਨ ਬਣੇ ਆਤਮਨਿਰਭਰ

# 341 ਨੂੰ ਵੱਖ-ਵੱਖ ਖੇਤਰਾਂ ਵਿੱਚ ਮਿਲਿਆ ਰੋਜ਼ਗਾਰ







**ਤਲਵੰਡੀ ਸਾਬੋ, 30 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਪਿੰਡਾਂ ਦੇ ਆਮ ਪਰਿਵਾਰਾਂ ਨਾਲ ਸਬੰਧਤ ਨੌਜਵਾਨਾਂ ਦੀ ਪ੍ਰਤਿਭਾ ਸੀਮਿਤ ਸਹੂਲਤਾਂ ਕਾਰਨ ਦਬ ਕੇ ਨਾ ਰਹਿ ਜਾਵੇ, ਇਸ ਨੂੰ ਨਿਖਾਰਨ ਅਤੇ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ ਅਤੇ ਸਕਿਲ ਡਿਵੈਲਪਮੈਂਟ ਦੀ ਸਿਖਲਾਈ ਦੇ ਕੇ ਰੋਜ਼ਗਾਰਯੋਗ ਬਣਾਉਣ ਲਈ ਐਚਐਮਈਐਲ ਲਗਾਤਾਰ ਯਤਨਸ਼ੀਲ ਹੈ। ਇਨ੍ਹਾਂ ਉਪਰਾਲਿਆਂ ਸਦਕਾ ਪੇਂਡੂ ਨੌਜਵਾਨਾਂ ਦੀ ਪ੍ਰਤਿਭਾ ਨੂੰ ਨਵੀਂ ਉਡਾਣ ਮਿਲ ਰਹੀ ਹੈ ਅਤੇ ਉਹ ਉੱਚ ਸਿੱਖਿਆ ਅਤੇ ਆਤਮਨਿਰਭਰਤਾ ਦੇ ਆਪਣੇ ਸੁਪਨੇ ਵੀ ਸਾਕਾਰ ਕਰ ਰਹੇ ਹਨ। ਇਸੇ ਕੜੀ ਤਹਿਤ ਐਚਪੀਸੀਐਲ-ਮਿੱਤਲ ਐਨਰਜੀ ਲਿਮਿਟਡ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਵੱਲੋਂ ਨੈਸ਼ਨਲ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਤਲਵੰਡੀ ਸਾਬੋ ਵਿਖੇ ਚਲਾਏ ਜਾ ਰਹੇ ਸਕਿਲ ਡਿਵੈਲਪਮੈਂਟ ਕੇਂਦਰ ਰਾਹੀਂ 480 ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਆਤਮਨਿਰਭਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 341 ਨੌਜਵਾਨ ਅੱਜ ਵੱਖ-ਵੱਖ ਖੇਤਰਾਂ ਵਿੱਚ ਰੋਜ਼ਗਾਰ ਪ੍ਰਾਪਤ ਕਰ ਚੁੱਕੇ ਹਨ। ਇਨ੍ਹਾਂ ਵਿੱਚੋਂ ਕਰੀਬ 100 ਨੌਜਵਾਨਾਂ ਨੂੰ ਬੁੱਧਵਾਰ ਨੂੰ ਤਲਵੰਡੀ ਸਾਬੋ ਵਿਖੇ ਐਨਐਸਡੀਸੀ ਅਧੀਨ ਚੱਲ ਰਹੇ ਜਾਰਜ ਟੈਲੀਗ੍ਰਾਫ ਟ੍ਰੇਨਿੰਗ ਇੰਸਟੀਚਿਊਟ ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਗਮ ਦੌਰਾਨ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਸਮਾਗਮ ਦਾ ਉਦੇਸ਼ ਨੌਜਵਾਨਾਂ ਨੂੰ ਰੋਜ਼ਗਾਰਮੁਖੀ ਹੁਨਰਾਂ ਨਾਲ ਸਸ਼ਕਤ ਕਰਕੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣਾ ਅਤੇ ਖੇਤਰ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਸੀ। ਸਮਾਗਮ ਦੌਰਾਨ ਐਚਐਮਈਐਲ ਵੱਲੋਂ ਸ਼੍ਰੀ ਵਿਸ਼ਵਮੋਹਨ ਪ੍ਰਸਾਦ, ਡੀਜੀਐਮ (ਸੀਐਸਆਰ) ਅਤੇ ਉਨ੍ਹਾਂ ਦੀ ਟੀਮ, ਜਾਰਜ ਟੈਲੀਗ੍ਰਾਫ ਵੱਲੋਂ ਸ਼੍ਰੀਮਤੀ ਮੌਮਿਤਾ ਘੋਸ਼, ਏਵੀਪੀ ਸੀਐਸਆਰ ਅਤੇ ਗਵਰਨਮੈਂਟ ਪ੍ਰੋਜੈਕਟਸ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਸਕਿਲ ਡਿਵੈਲਪਮੈਂਟ ਕੇਂਦਰ ਤੋਂ ਸਿਖਲਾਈ ਪੂਰੀ ਕਰਨ ਵਾਲੇ ਨੌਜਵਾਨਾਂ ਦਾ ਹੌਸਲਾ ਵਧਾਉਂਦੇ ਹੋਏ ਸ਼੍ਰੀ ਵਿਸ਼ਵਮੋਹਨ ਪ੍ਰਸਾਦ ਨੇ ਕਿਹਾ ਕਿ ਅੱਜ ਦਾ ਯੁੱਗ ਹੁਨਰ ਦਾ ਯੁੱਗ ਹੈ। ਜੇਕਰ ਕਿਸੇ ਨੌਜਵਾਨ ਕੋਲ ਸਿੱਖਿਆ ਦੇ ਨਾਲ-ਨਾਲ ਵਿਹਾਰਕ ਹੁਨਰ ਵੀ ਹੋਵੇ ਤਾਂ ਉਸ ਲਈ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੋਵੇਂ ਦੇ ਰਸਤੇ ਖੁੱਲ੍ਹ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹਰ ਨੌਜਵਾਨ ਨੂੰ ਲਗਾਤਾਰ ਸਿੱਖਣ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ, ਕਿਉਂਕਿ ਸਿੱਖਣਾ ਹੀ ਸਫਲਤਾ ਦੀ ਸਭ ਤੋਂ ਵੱਡੀ ਪੌੜੀ ਹੈ। ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਸਫਲਤਾ ਦਾ ਕੋਈ ਸ਼ਾਰਟਕੱਟ ਨਹੀਂ ਹੁੰਦਾ। ਅਨੁਸ਼ਾਸਨ, ਮਿਹਨਤ ਅਤੇ ਸਕਾਰਾਤਮਕ ਸੋਚ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਸਰਟੀਫਿਕੇਟ ਵੰਡਦੇ ਹੋਏ ਉਨ੍ਹਾਂ ਕਿਹਾ ਕਿ ਅੱਜ ਮਿਲਿਆ ਇਹ ਸਰਟੀਫਿਕੇਟ ਕੇਵਲ ਇੱਕ ਦਸਤਾਵੇਜ਼ ਨਹੀਂ, ਸਗੋਂ ਤੁਹਾਡੇ ਰੌਸ਼ਨ ਭਵਿੱਖ ਦੀ ਸ਼ੁਰੂਆਤ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਅਕਾਊਂਟਸ ਅਸਿਸਟੈਂਟ ਟ੍ਰੇਡ ਵਿੱਚ 180 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ, ਜਿਨ੍ਹਾਂ ਵਿੱਚੋਂ 116 ਨੌਜਵਾਨਾਂ ਨੂੰ ਰੋਜ਼ਗਾਰ ਮਿਲ ਚੁੱਕਾ ਹੈ। ਇਸੇ ਤਰ੍ਹਾਂ ਬੈਂਕਐਸ਼ੋਰੈਂਸ ਰਿਲੇਸ਼ਨਸ਼ਿਪ ਐਸੋਸੀਏਟ ਟ੍ਰੇਡ ਵਿੱਚ 300 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ, ਜਿਨ੍ਹਾਂ ਵਿੱਚੋਂ 225 ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਕਰੀਬ 100 ਨੌਜਵਾਨਾਂ ਨੂੰ ਆਈਈਐਲਟੀਐਸ ਦੀ ਕੋਚਿੰਗ ਵੀ ਪ੍ਰਦਾਨ ਕੀਤੀ ਗਈ, ਜਿਨ੍ਹਾਂ ਵਿੱਚੋਂ ਕਈ ਨੌਜਵਾਨ ਵਿਦੇਸ਼ਾਂ ਵਿੱਚ ਰੋਜ਼ਗਾਰ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਦੇ ਕੁਝ ਪਰਿਵਾਰਕ ਮੈਂਬਰਾਂ ਨੇ ਵੀ ਹਾਜ਼ਰ ਹੋ ਕੇ ਆਪਣੇ ਤਜਰਬੇ ਸਾਂਝੇ ਕੀਤੇ। ਇਸ ਦੇ ਨਾਲ ਹੀ ਸਕਿਲ ਡਿਵੈਲਪਮੈਂਟ ਕੇਂਦਰ ਤੋਂ ਸਿਖਲਾਈ ਲੈਣ ਤੋਂ ਬਾਅਦ ਚੰਡੀਗੜ੍ਹ, ਮੋਹਾਲੀ ਅਤੇ ਬਠਿੰਡਾ ਵਿੱਚ ਰੋਜ਼ਗਾਰ ਕਰ ਰਹੇ ਕਈ ਨੌਜਵਾਨ ਵੀ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਆਏ ਸਕਾਰਾਤਮਕ ਬਦਲਾਵਾਂ ਅਤੇ ਤਜਰਬਿਆਂ ਨੂੰ ਸਾਂਝਾ ਕੀਤਾ। ਸਕਿਲ ਡਿਵੈਲਪਮੈਂਟ ਕੇਂਦਰ ਦੇ ਸਾਬਕਾ ਵਿਦਿਆਰਥੀ ਜਗਦੀਪ ਸਿੰਘ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਅਪ੍ਰੈਲ 2025 ਵਿੱਚ ਕੇਂਦਰ ਵਿੱਚ ਦਾਖਲਾ ਲੈ ਕੇ ਤਿੰਨ ਮਹੀਨੇ ਦਾ ਅਕਾਊਂਟਸ ਅਸਿਸਟੈਂਟ ਕੋਰਸ ਕੀਤਾ। ਇਸ ਤੋਂ ਬਾਅਦ ਆਈਆਰਡੀਏਆਈ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਜੁਲਾਈ 2025 ਵਿੱਚ ਉਨ੍ਹਾਂ ਦੀ ਚੋਣ ਐਸਬੀਆਈ ਲਾਈਫ ਇੰਸ਼ੋਰੈਂਸ ਵਿੱਚ ਹੋ ਗਈ। ਇਸ ਨਾਲ ਨਾ ਸਿਰਫ਼ ਉਨ੍ਹਾਂ ਨੂੰ ਰੋਜ਼ਗਾਰ ਮਿਲਿਆ, ਸਗੋਂ ਉਹ ਆਪਣੇ ਪਰਿਵਾਰ ਦੀ ਆਰਥਿਕ ਮਜ਼ਬੂਤੀ ਦਾ ਵੀ ਸਹਾਰਾ ਬਣੇ। ਤਲਵੰਡੀ ਸਾਬੋ ਦੀ ਰਹਿਣ ਵਾਲੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਅਕਾਊਂਟਸ ਅਸਿਸਟੈਂਟ ਦਾ ਕੋਰਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਬਠਿੰਡਾ ਦੀ ਇੱਕ ਸੰਸਥਾ ਵਿੱਚ ਨੌਕਰੀ ਮਿਲੀ, ਜਿਸ ਨਾਲ ਉਹ ਅੱਜ ਆਤਮਨਿਰਭਰ ਬਣ ਕੇ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਿੱਚ ਸਫਲ ਹੋਈ ਹੈ। ਸਮਾਗਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਹਾਜ਼ਰ ਮਾਪਿਆਂ ਅਤੇ ਸਥਾਨਕ ਨਾਗਰਿਕਾਂ ਨੇ ਪੇਂਡੂ ਨੌਜਵਾਨਾਂ ਲਈ ਐਚਐਮਈਐਲ ਦੀ ਇਸ ਪਹਿਲ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਖੇਤਰ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

**ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਵੰਡੇ ਗਏ ਸਰਟੀਫਿਕੇਟ; ਕਿਸੇ ਨੇ ਪਰਿਵਾਰ ਦੀ ਆਰਥਿਕ ਮਜ਼ਬੂਤੀ ਦਾ ਸਹਾਰਾ ਬਣਿਆ, ਤਾਂ ਕਿਸੇ ਲਈ ਉੱਚ ਸਿੱਖਿਆ ਦੇ ਨਵੇਂ ਰਾਹ ਖੁੱਲ੍ਹੇ**

ਆਵਾਜ਼ਿ ਕੌਮ AWAZE QAUM International Newspaper & WEB TV

### ਐਲ.ਏ.ਡੀ.ਸੀ. ਨੀਤੀ ਖ਼ਿਲਾਫ਼ ਡਿਸਟ੍ਰਿਕਟ ਬਾਰ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ

# 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ ਸ਼ੁਰੂ



ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ) :– ਲੀਗਲ ਏਡ ਡਿਫੈਂਸ ਕੌਂਸਲ ਨੀਤੀ ਦੇ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਦਿਆਂ ਡਿਸਟ੍ਰਿਕਟ ਬਾਰ ਐਸੋਸੀਏਸ਼ਨ ਫਿਰੋਜ਼ਪੁਰ ਦੇ ਵਕੀਲਾਂ ਵੱਲੋਂ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਰੋਸ ਜ਼ਾਹਿਰ ਕਰਦਿਆਂ ਵਕੀਲ ਭਾਈਚਾਰੇ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਲਵਜੀਤ ਪਾਲ ਸਿੰਘ ਟੁਰਨਾ ਪ੍ਰਧਾਨ ਬਾਰ ਕੌਂਸਲ ਫਿਰੋਜ਼ਪੁਰ ਨੇ ਦੱਸਿਆ ਕਿ ਇਹ 24 ਘੰਟੇ ਵਾਲੀ ਭੁੱਖ ਹੜਤਾਲ ਸੋਮਵਾਰ ਸਵੇਰੇ 10:00 ਵਜੇ ਪੂਰੇ ਉਤਸ਼ਾਹ ਨਾਲ ਸ਼ੁਰੂ ਕੀਤੀ ਗਈ ਹੈ ਜੋ ਨਿਰੰਤਰ ਜਾਰੀ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਸਮਾਂ ਰਹਿੰਦਿਆਂ ਐਲ.ਏ.ਡੀ.ਸੀ. ਨੀਤੀ ਦਾ ਹੱਲ ਨਾ ਕੀਤਾ ਗਿਆ ਤਾਂ ਵਕੀਲ ਭਾਈਚਾਰਾ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜ਼ਬੂਰ ਹੋਵੇਗਾ ਉਨ੍ਹਾਂ ਦੱਸਿਆ ਕਿ ਅੱਜ ਦੀ ਭੁੱਖ ਹੜਤਾਲ ਵਿਚ ਦਮਨਪ੍ਰੀਤ ਕੌਰ, ਸਭਾ ਯਾਦਵ, ਅਮਨਪ੍ਰੀਤ ਕੌਰ, ਪ੍ਰਭਜੀਤ ਕੌਰ, ਇੰਦੂ ਬਾਲਾ, ਅਮਿਤ ਕੁਮਾਰ ਸ਼ਰਮਾ, ਦੀਪਕ ਖੁੱਲਰ, ਰਾਜੇਸ਼ ਕੁਮਾਰ ਦੁਆ, ਸਾਹਿਲ ਗੁਪਤਾ, ਵਿਕਾਸ ਸ਼ਰਮਾ, ਮਨਜੀਤ ਸਿੰਘ ਰਾਏ, ਨੀਲ ਰਤਨ ਸ਼ਰਮਾ ਨੇ ਸ਼ਮੂਲੀਅਤ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਛਪੜੀ ਸਾਹਿਬ ਪਿੰਡ ਤੂਤ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਸ਼ਰਧਾ ਭਾਵਨਾ ਨਾਲ ਮਨਾਈ ਗਈ







ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ) :– ਗੁਰਦੁਆਰਾ ਛਪੜੀ ਸਾਹਿਬ, ਪਿੰਡ ਤੂਤ ਵਿਖੇ ਸਾਵਣ ਮਹੀਨੇ ਦੀ ਪੂਰਨਮਾਸੀ ਦਾ ਪਵਿੱਤਰ ਦਿਹਾੜਾ ਇਲਾਕੇ ਦੀਆਂ ਸੰਗਤਾਂ ਦੇ ਭਾਰੀ ਸਹਿਯੋਗ ਨਾਲ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸ਼ੁਭ ਅਵਸਰ ਤੇ ਗੁਰਦੁਆਰਾ ਸਾਹਿਬ ਵਿਖੇ ਸਭ ਤੋਂ ਪਹਿਲਾਂ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੰਪੂਰਨਤਾ ਨਾਲ ਪਾਏ ਗਏ। ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿੱਚ ਧਾਰਮਿਕ ਦੀਵਾਨ ਸਜਾਏ ਗਏ। ਇਨ੍ਹਾਂ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕ ਜਥਿਆਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਜਥਿਆਂ ਨੇ ਆਪਣੀ ਰਸਭਿੰਨੀ ਅਤੇ ਮਧੁਰ ਬਾਣੀ ਦੇ ਕੀਰਤਨ ਰਾਹੀਂ ਗੁਰੂ ਇਤਿਹਾਸ ਸੁਣਾ ਕੇ ਹਾਜ਼ਰ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਛਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ਼੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਥਾ ਕਰਦਿਆਂ ਫ਼ਰਮਾਇਆ ਕਿ ਮਨੁੱਖ ਨੂੰ ਹਮੇਸ਼ਾ ਵਾਹਿਗੁਰੂ ਦੇ ਭਾਣੇ ਵਿੱਚ ਰਹਿ ਕੇ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ। ਗੁਰਬਾਣੀ ਪੜ੍ਹਨ ਅਤੇ ਸੁਣਨ ਨਾਲ ਮਨੁੱਖ ਦੇ ਜੀਵਨ ਦੇ ਸਮੂਹ ਦੁੱਖ ਕਲੇਸ਼ ਦੂਰ ਹੋ ਜਾਂਦੇ ਹਨ। ਇਸ ਲਈ ਵੱਧ ਤੋਂ ਵੱਧ ਸੰਗਤਾਂ ਨੂੰ ਗੁਰੂ ਘਰ ਆ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਅੱਗੇ ਜਾਣਕਾਰੀ ਦਿੰਦਿਆਂ ਸੰਤ ਬਾਬਾ ਬੋਹੜ ਸਿੰਘ ਨੇ ਦੱਸਿਆ ਕਿ ਆਉਂਦੀ 25 ਅਗਸਤ (ਦਿਨ ਮੰਗਲਵਾਰ) ਨੂੰ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਬਾਠ ਦੇ ਜਨਮ ਦਿਨ ਨੂੰ ਸਮਰਪਿਤ ਇੱਕ ਵਿਸ਼ਾਲ ਅਤੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਸਿੱਖ ਪੰਥ ਦੇ ਮਹਾਨ ਰਾਗੀ, ਢਾਡੀ, ਕਥਾਵਾਚਕ ਜਥਿਆਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਤ ਮਹਾਂਪੁਰਖ ਗੁਰੂ ਘਰ ਵਿਖੇ ਹਾਜ਼ਰੀ ਲਵਾਉਣਗੇ। ਪੂਰਨਮਾਸੀ ਦੇ ਦਿਹਾੜੇ ਤੇ ਗੁਰਦੁਆਰਾ ਛਪੜੀ ਸਾਹਿਬ ਦੇ ਭਾਈ ਹਰਪਿੰਦਰ ਸਿੰਘ ਨੇ ਆਈਆਂ ਹੋਈਆਂ ਸੰਗਤਾਂ ਦੀ ਹੱਥੀਂ ਨਿਸ਼ਕਾਮ ਸੇਵਾ ਕੀਤੀ। ਇਸ ਪਵਿੱਤਰ ਅਵਸਰ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਦਾ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਆਨੰਦ ਮਾਣਿਆ। ਇਸ ਮੌਕੇ ਤੇ ਸ਼੍ਰੀਮਾਨ ਸੰਤਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੀਰੀ ਪੀਰੀ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਦੋ ਤਲਵਾਰਾਂ ਬੱਧੀਆਂ ਇੱਕ ਮੀਰ ਦੀ ਇੱਕ ਪੀਰ ਦੀ ਇਕ ਭਗਤੀ ਦੀ ਇਕ ਸ਼ਕਤੀ ਦੀ ਇਕ ਅਜਾਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਾਹਿਬ ਜੀ ਦੀ ਮੀਰੀ ਪੀਰੀ ਦੀਆ ਸੰਗਤਾਂ ਨੂੰ ਵਧਾਈਆਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਠਾਠ ਨਾਨਕਸਰ ਢਾਂਗਾ ਖ਼ੁਰਦ ਵਿਖੇ ਪਵਿੱਤਰ ਤੁੱਕ—ਤੁੱਕ ਵਾਲੇ ਮਹਾ ਸੰਪਟ ਪਾਠ ਆਰੰਭ





ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ) :– ਗੁਰਦੁਆਰਾ ਠਾਠ ਨਾਨਕਸਰ ਢਾਂਗਾ ਖ਼ੁਰਦ ਵਿਖੇ ਅੱਜ ਤੋਂ ਪੂਰੀ ਧਾਰਮਿਕ ਮਰਿਆਦਾ ਅਤੇ ਸ਼ਰਧਾ ਭਾਵਨਾ ਨਾਲ ਪਵਿੱਤਰ ਤੁੱਕ ਤੁੱਕ ਵਾਲੇ ਮਹਾ ਸੰਪਟ ਪਾਠ ਸਾਹਿਬ ਆਰੰਭ ਹੋ ਗਏ ਹਨ। ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਦੱਸਿਆ ਕਿ ਇਸ ਮਹਾ ਸੰਪਟ ਪਾਠ ਸਾਹਿਬ ਦਾ ਆਯੋਜਨ ਸਮੂਹ ਜਗਤ ਦੀ ਸੁਖ ਸ਼ਾਂਤੀ, ਖੁਸ਼ਹਾਲੀ ਤੇ ਸਰਬੱਤ ਦੇ ਭਲੇ ਦੀ ਕਾਮਨਾ ਲਈ ਕੀਤੇ ਜਾ ਰਹੇ ਹਨ। ਸੰਤ ਬਾਬਾ ਸੁੱਚਾ ਸਿੰਘ ਨੇ ਸਭ ਤੋਂ ਪਹਿਲਾ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ।

ਇਥੇ ਦਸਣਯੋਗ ਹੈ ਕਿ ਸੰਤ ਬਾਬਾ ਸੁੱਚਾ ਸਿੰਘ ਖ਼ੁਦ ਵੀ ਦਿਨ—ਰਾਤ ਪਾਠੀ ਸਿੰਘਾਂ ਨਾਲ ਬੈਠ ਕੇ ਇਸ ਪਵਿੱਤਰ ਮਹਾ ਸੰਪਟ ਪਾਠ ਦੀ ਸੇਵਾ ਵਿੱਚ ਹਾਜ਼ਰੀ ਭਰਨਗੇ। ਪਾਠ ਸਾਹਿਬ ਦੇ ਆਰੰਭ ਹੋਣ ਨਾਲ ਗੁਰਦੁਆਰਾ ਸਾਹਿਬ ਅਤੇ ਆਸ ਪਾਸ ਦੇ ਇਲਾਕੇ ਦਾ ਵਾਤਾਵਰਨ ਪੂਰੀ ਤਰ੍ਹਾਂ ਭਗਤੀਮਈ ਤੇ ਰੂਹਾਨੀ ਹੋ ਗਿਆ ਹੈ। ਗੁਰਦੁਆਰਾ ਪ੍ਰਬੰਧਕਾਂ ਅਤੇ ਸੰਤ ਬਾਬਾ ਸੁੱਚਾ ਸਿੰਘ ਵੱਲੋਂ ਸਮੂਹ ਮਾਈ ਭਾਈ ਸੰਗਤਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਗਈ ਕਿ ਚੱਲਣ ਵਾਲੇ ਇਸ ਧਾਰਮਿਕ ਸਮਾਗਮ ਵਿੱਚ ਵਧ ਚੜ੍ਹ ਕੇ ਸ਼ਿਰਕਤ ਕਰਨ ਅਤੇ ਗੁਰੂ ਘਰ ਦੀਆਂ ਬਖ਼ਿਸ਼ਸ਼ਾਂ ਪ੍ਰਾਪਤ ਕਰਨ। ਸਮਾਗਮ ਦੌਰਾਨ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਗੁਰਦੁਆਰਾ ਬੇਰ ਸਾਹਿਬ ਛਾਉਣੀ ਨਿਹੰਗ ਸਿੰਘਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਦਰਬਾਰ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਤੇ ਉੱਘੇ ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਦਾ

# ਵਿਸ਼ੇਸ਼ ਸਨਮਾਨ ਬਾਬਾ ਬਲਵੀਰ ਸਿੰਘ 96 ਕਰੋੜੀ ਵੱਲੋਂ ਕੀਤਾ ਗਿਆ





**ਤਲਵੰਡੀ ਸਾਬੋ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਪੰਥ ਅਕਾਲੀ ਬੁੱਢਾ ਦਲ ਦੀ ਸਿਰਮੌਰ ਜਥੇਬੰਦੀ ਵੱਲੋਂ ਬੁੱਢਾ ਦਲ ਦੇ ਗਿਆਰਵੇਂ ਮੁਖੀ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 84ਵੀਂ ਯਾਦ ਵਿੱਚ ਹੋਏ ਸਮਾਗਮ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਅਤੇ ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਮਾਗਮ ਗੁਰਦੁਆਰਾ ਬੇਰ ਸਾਹਿਬ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਬਾਬਾ ਫਰੀਦ ਯੂਨੀਵਰਸਿਟੀ ਪੇਪਰ ਲੀਕ ਤੇ ਸਮੂਹਿਕ

# ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਕੀਤੀ ਪੜਤਾਲ ਉਪਰੰਤ ਦਸੰਬਰ 2023 ਵਿੱਚ ਦਰਜ ਪਰਚੇ ਦੇ ਦੋਸ਼ੀ ਇਸ ਵਿੱਚ ਸ਼ਾਮਲ







ਫ਼ਿਰੋਜ਼ਪੁਰ, 30 ਜੁਲਾਈ (ਮਨੋਹਰ ਲਾਲ):—ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਨੇ ਬੀਤੇ ਦਿਨੀਂ ਬਾਬਾ ਫਰੀਦ ਯੂਨੀਵਰਸਿਟੀ ਵਲੋਂ ਫਾਰਮੇਸੀ ਅਫਸਰਾਂ ਦੀ ਭਰਤੀ ਲਈ ਕਰਵਾਈ ਗਈ ਪ੍ਰੀਖਿਆ ਵਿੱਚ ਪੇਪਰ ਲੀਕ ਅਤੇ ਸਮੂਹਿਕ ਨਕਲ ਦੀ ਘਟਨਾ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੈਡੀਕਲ ਸਿੱਖਿਆ ਮਾਫ਼ੀਏ ਨਾਲ ਮਿਲੀਭੁਗਤ ਨੂੰ ਜਿੰਮੇਵਾਰ ਠਹਿਰਾਇਆ ਹੈ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਮਹਿਮਾ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਨੇ ਕਿਹਾ ਕਿ ਪੰਜਾਬ ਦੇ ਪ੍ਰਾਈਵੇਟ ਫਾਰਮੇਸੀ ਕਾਲਜਾਂ ਵਿਚ ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਦਾਖਲੇ ਦੇ ਕੇ ਫਾਰਮੇਸੀ ਦਾ ਡਿਪਲੋਮਾ ਕਰਵਾਉਣ ਦਾ ਸਿਲਸਿਲਾ ਬੀਤੇ ਲੰਮੇਂ ਸਮੇਂ ਤੋਂ ਚਲ ਰਿਹਾ ਸੀ। ਇਕ ਸਿਹਤ ਵਿਭਾਗ ਦੀ ਮੁਲਾਜ਼ਮ ਜਥੇਬੰਦੀ ਵੱਲੋਂ ਕੀਤੀ ਸ਼ਿਕਾਇਤ ਦੀ ਵਿਜੀਲੈਂਸ ਬਿਊਰੋ ਪੰਜਾਬ ਵਲੋਂ ਕੀਤੀ ਪੜਤਾਲ ਉਪਰੰਤ ਦਸੰਬਰ 2023 ਵਿੱਚ ਪਰਚਾ ਦਰਜ ਕਰਕੇ ਕੁਝ ਅਧਿਕਾਰੀਆਂ, ਮੁਲਾਜ਼ਮਾਂ, ਪ੍ਰਾਈਵੇਟ ਫਾਰਮੇਸੀ ਕਾਲਜਾਂ ਦੇ ਮਾਲਕਾਂ ਪ੍ਰਿੰਸੀਪਲਾਂ ਅਤੇ ਕੁਝ ਜਾਅਲੀ ਸਰਟੀਫਿਕੇਟਾਂ ਵਾਲੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਉਪਰੰਤ ਤਫਤੀਸ਼ ਦਾ ਕੰਮ ਐਸ.ਐਸ.ਪੀ ਵਿਜੀਲੈਂਸ ਬਿਊਰੋ ਲੁਧਿਆਣਾ ਨੂੰ ਸੌਂਪਿਆ ਗਿਆ ਸੀ, ਪ੍ਰੰਤੂ ਤਕਰੀਬਨ ਡੇਢ ਸਾਲ ਬੀਤ ਜਾਣ ਤੇ ਵੀ ਇਸ ਤਫਤੀਸ਼ ਨੂੰ ਮੈਡੀਕਲ ਸਿੱਖਿਆ ਮਾਫ਼ੀਏ ਦੀ ਸਰਕਾਰ ਨਾਲ਼ ਮਿਲੀਭੁਗਤ ਕਾਰਨ ਠੱਪ ਕਰਕੇ ਰੱਖਿਆ ਹੋਇਆ ਹੈ, ਸਗੋਂ ਫਾਰਮੇਸੀ ਕਾਲਜਾਂ ਦੇ ਮਾਲਕਾਂ ਨੂੰ ਫਾਰਮੇਸੀ ਕੌਂਸਿਲ ਵਿੱਚ ਉਚ ਆਹੁਦੇ ਬਖਸ਼ ਕੇ ਮਾਫ਼ੀਏ ਨੂੰ ਕੇਸ ਨਾਲ ਸੰਬੰਧਿਤ ਸਬੂਤ ਮਿਟਾਉਣ ਦੀ ਖੁਲ੍ਹੀ ਛੁੱਟੀ ਦਿੱਤੀ ਹੋਈ ਹੈ। ਹੁਣ ਤੱਕ ਇਨ੍ਹਾਂ ਜਾਅਲੀ ਸਰਟੀਫਿਕੇਟਾਂ ਵਾਲੇ ਵਿਅਕਤੀਆਂ ਦੀਆਂ ਰਜਿਸਟਰੇਸ਼ਨਾਂ ਨੂੰ ਫਾਰਮੇਸੀ ਕੌਂਸਿਲ ਵਲੋਂ ਰੱਦ ਨਹੀਂ ਕੀਤਾ ਗਿਆ, ਸਗੋਂ ਓਪਨ ਸਕੂਲ ਤੋਂ ਸਾਇੰਸ ਵਿਸ਼ਿਆਂ ਨਾਲ ਬਾਰਵੀਂ ਜਮਾਤ ਕਰਵਾ ਕੇ ਦਾਖਲਾ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਆਸਾਮੀਆਂ ਨੂੰ ਕੱਢਣ ਤੋਂ ਪਹਿਲਾਂ ਸਰਕਾਰ ਨੇ ਫਾਰਮੇਸੀ ਅਫਸਰਾਂ ਦੇ ਭਰਤੀ ਨਿਯਮਾਂ ਵਿਚ ਸੋਧ ਕਰਕੇ ਭਰਤੀ ਦੀ ਯੋਗਤਾ ਵਿਚ ਡਿਪਲੋਮਾ ਇਨ ਫਾਰਮੇਸੀ ਨੂੰ ਸ਼ਾਮਲ ਕਰਕੇ ਡਿਪਲੋਮਾ ਇਨ ਫਾਰਮੇਸੀ ਦੀ ਯੋਗਤਾ ਵਾਲੇ ਵਿਅਕਤੀਆਂ ਨੂੰ ਨੌਕਰੀ ਦੇ ਯੋਗ ਬਣਾ ਦਿੱਤਾ ਗਿਆ ਤਾਂ ਜੋ ਡਿਪਲੋਮਾ ਇਨ ਫਾਰਮੇਸੀ ਵਾਲੇ ਵਿਅਕਤੀਆਂ ਨੂੰ ਜਾਇਜ਼ ਜਾਂ ਨਾਜਾਇਜ਼ ਤਰੀਕੇ ਨਾਲ ਨੌਕਰੀਆਂ ਦਿਵਾ ਕੇ ਪ੍ਰਾਈਵੇਟ ਫਾਰਮੇਸੀ ਕਾਲਜਾਂ ਵਿਚ ਡਿਪਲੋਮਾ ਇਨ ਫਾਰਮੇਸੀ ਦੀ ਖਾਲੀ ਰਹਿੰਦੀਆਂ ਸੀਟਾਂ ਲਈ ਵਿਦਿਆਰਥੀਆਂ ਵਿਚ ਖਿੱਚ ਪੈਦਾ ਕੀਤੀ ਜਾ ਸਕੇ। ਇਸੇ ਵਰਤਾਰੇ ਕਾਰਨ ਹੀ ਇਸ ਮਾਫੀਏ ਨੂੰ ਪੇਪਰ ਲੀਕ ਕਰਵਾਉਣ ਅਤੇ ਸਮੂਹਿਕ ਨਕਲ ਦਾ ਯੋਗ ਮਹੌਲ ਦਿੱਤਾ ਗਿਆ। ਉਨ੍ਹਾਂ ਕਿਹਾ ਇਹ ਵਰਤਾਰਾ ਆਮ ਆਦਮੀ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਮੈਡੀਕਲ ਸਿੱਖਿਆ ਮਾਫ਼ੀਏ ਨਾਲ ਮਿਲੀਭੁਗਤ ਬਿਨਾਂ ਸੰਭਵ ਹੀ ਨਹੀਂ ਸੀ। ਉਨ੍ਹਾਂ ਇਸ ਸਾਰੇ ਘਟਨਾਕ੍ਰਮ ਦੀ ਅਦਾਲਤੀ ਜਾਂਚ ਦੀ ਮੰਗ ਕਰਦਿਆਂ ਸਮਾਜ ਦੇ ਸਮੂਹ ਇਨਸਾਨ ਪਸੰਦ ਲੋਕਾਂ ਨੂੰ ਇਸ ਖਿਲਾਫ ਜ਼ੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡੈਨਹਾਂਗ ਤੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਤ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਦਾ ਵਿਸ਼ੇਸ਼ ਸਨਮਾਨ



**ਡੈਨਹਾਂਗ/ਲੰਡਨ, 30 ਜੁਲਾਈ ( ਸਰਬਜੀਤ ਸਿੰਘ ਬਨੂੜ)**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡੈਨਹਾਂਗ ਵਿਖੇ ਆਯੋਜਿਤ ਇੱਕ ਧਾਰਮਿਕ ਸਮਾਗਮ ਦੌਰਾਨ ਦਲ ਬਾਬਾ ਬਿਧੀ ਚੰਦ ਦੇ ਮੁੱਖੀ ਸੰਤ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਨੇ ਸੰਤ ਅਵਤਾਰ ਸਿੰਘ ਜੀ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਸੰਤ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਨੇ ਗੁਰਮਤਿ ਵਿਚਾਰਾਂ ਕੀਤੀਆਂ ਤੇ ਸਮੂਹ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦੀ ਅਪੀਲ ਕੀਤੀ ਗਈ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦਾ ਆਨੰਦ ਮਾਣਿਆ। ਬੁਲਾਰਿਆਂ ਨੇ ਕਿਹਾ ਕਿ ਸੰਤ ਅਵਤਾਰ ਸਿੰਘ ਜੀ ਲੰਬੇ ਸਮੇਂ ਤੋਂ ਗੁਰਮਤਿ ਦੇ ਪ੍ਰਚਾਰ-ਪ੍ਰਸਾਰ, ਸਿੱਖ ਪਰੰਪਰਾਵਾਂ ਦੀ ਸੰਭਾਲ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਅਹਿਮ ਯੋਗਦਾਨ ਪਾ ਰਹੇ ਹਨ। ਵਰਲਡ ਸਿੱਖ ਪਾਰਲੀਮੈਂਟ ਦੇ ਨੁਮਾਇੰਦਿਆਂ ਨੇ ਕਿਹਾ ਕਿ ਪੰਥ ਦੀ ਸੇਵਾ, ਗੁਰਮਤਿ ਪ੍ਰਚਾਰ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਸਨਮਾਨ ਵਜੋਂ ਇਹ ਸਿਰੋਪਾਓ ਭੇਟ ਕੀਤਾ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਅਜਿਹੇ ਧਾਰਮਿਕ ਅਤੇ ਸਮਾਜਿਕ ਉਪਰਾਲੇ ਸਿੱਖ ਸੰਗਤ ਨੂੰ ਇੱਕਜੁੱਟ ਕਰਨ ਅਤੇ ਗੁਰਸਿੱਖੀ ਮੁੱਲਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

## ਪਿੰਡ ਮਲਕਪੁਰ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣਨਗੀਆਂ 1.100 ਕਿਲੋਮੀਟਰ ਲੰਬੀਆਂ ਇੰਟਰਲਾਕਿੰਗ ਸੜਕਾਂ: ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ.

### ਸਪੈਸ਼ਲ ਅਸਿਸਟੈਂਸ ਸਕੀਮ ਫੇਸ-1 ਤਹਿਤ ਜਲਦ ਸ਼ੁਰੂ ਹੋਵੇਗਾ ਸੜਕ ਨਿਰਮਾਣ ਕਾਰਜ



**ਜੰਡਿਆਲਾ ਗੁਰੂ 30 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਮਲਕਪੁਰ ਵਿਖੇ 40.00 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਇੰਟਰਲਾਕਿੰਗ ਸੜਕਾਂ ਦੀ ਉਸਾਰੀ ਕੀਤੀ ਜਾਵੇਗੀ।ਜਾਣਕਾਰੀ ਦਿੰਦਿਆਂ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਜੀ ਨੇ ਦੱਸਿਆ ਕਿ ਪਿੰਡ ਮਲਕਪੁਰ ਵਿਖੇ 40.00 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਇੰਟਰਲਾਕਿੰਗ ਸੜਕਾਂ ਦੀ ਉਸਾਰੀ ਕੀਤੀ ਜਾਵੇਗੀ। ਇਸ ਪ੍ਰਾਜੈਕਟ ਤਹਿਤ ਕੁੱਲ 1.100 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਤਿਆਰ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਕੰਮ ਸਪੈਸ਼ਲ ਅਸਿਸਟੈਂਸ ਸਕੀਮ ਫੇਸ-1 ਅਧੀਨ 5054 ਫੰਡਾਂ ਵਿੱਚੋਂ ਕਰਵਾਇਆ ਜਾ ਰਿਹਾ ਹੈ ਅਤੇ ਇਸ ਨੂੰ 3 ਮਹੀਨਿਆਂ ਦੀ ਸਮਾਂ ਸੀਮਾ ਅੰਦਰ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ।ਇਸ ਤੋਂ ਇਲਾਵਾ ਪਿੰਡ ਮਲਕਪੁਰ ਵਿਖੇ ਤਿਆਰ ਕੀਤੇ ਗਏ ਵੱਖ-ਵੱਖ ਵਿਕਾਸ ਕਾਰਜਾਂ ਨੂੰ ਵੀ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਇਨ੍ਹਾਂ ਵਿੱਚ 9 ਲੱਖ 80 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਆਂਗਣਵਾੜੀ ਸੈਂਟਰ, 2 ਲੱਖ ਰੁਪਏ ਦੀ ਲਾਗਤ ਨਾਲ ਲਗਾਈਆਂ ਗਈਆਂ ਸੋਲਰ ਲਾਈਟਾਂ, 5 ਲੱਖ ਰੁਪਏ ਦੀ ਲਾਗਤ ਨਾਲ ਬਣੀਆਂ ਗਲੀਆਂ ਅਤੇ 40 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਪਿੰਡ ਦੀ ਫਿਰਨੀ (ਰਸਤਾ) ਸ਼ਾਮਲ ਹਨ।ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਬਿਹਤਰ ਸਹੂਲਤਾਂ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸੜਕਾਂ, ਗਲੀਆਂ, ਰੌਸ਼ਨੀ ਅਤੇ ਲੋਕ ਭਲਾਈ ਨਾਲ ਜੁੜੇ ਇਹ ਵਿਕਾਸ ਕਾਰਜ ਪਿੰਡ ਵਾਸੀਆਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣਗੇ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੱਲ ਰਹੇ ਵਿਕਾਸ ਕਾਰਜਾਂ ਨੂੰ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਅਤੇ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਇਨ੍ਹਾਂ ਦਾ ਜਲਦ ਤੋਂ ਜਲਦ ਲਾਭ ਮਿਲ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪੰਥਕ ਖ਼ੁਦਮੁਖ਼ਤੀਆਰੀ ਲਈ

# ਵਲੰਟੀਅਰ ਮੁਹਿੰਮ ਚਲਾਈ ਗਈ

**ਨਾਂਦੇੜ (ਮਹਾਰਾਸ਼ਟਰ), 30 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਦੀ ਸ਼ਾਸਨ-ਵਿਵਸਥਾ ਅਤੇ ਮਰਯਾਦਾ ਨੂੰ ਸਿੱਖ (ਖ਼ਾਲਸਾ) ਪੰਥ ਦੇ ਅਧਿਕਾਰ ਖੇਤਰ ਵਿੱਚ ਰੱਖਣ ਲਈ ਇੱਕ ਵਲੰਟੀਅਰ ਪੰਥਕ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ। ਇਸ ਪਹਿਲਕਦਮੀ ਅਧੀਨ ਗੁਰਦੁਆਰਿਆਂ, ਸਿੱਖ ਸੰਸਥਾਵਾਂ, ਸੇਵਾਦਾਰਾਂ, ਸੰਗਤ ਮੈਂਬਰਾਂ ਅਤੇ ਚਿੰਤਤ ਵਿਅਕਤੀਆਂ ਨੂੰ ਸਵੈ-ਇੱਛਕ ਤੌਰ 'ਤੇ ਸਮਰਥਨ ਦੇਣ ਲਈ ਅਪੀਲ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਪਹਿਲਕਦਮੀ ਵੱਲੋਂ ਜਾਰੀ ਕੀਤੇ ਗਏ ਦਸਤਾਵੇਜ਼ਾਂ ਵਿੱਚ ਕਿਹਾ ਗਿਆ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ (ਖ਼ਾਲਸਾ) ਪੰਥ ਦੇ ਪੰਜ ਤਖ਼ਤ ਸਾਹਿਬਾਨ ਵਿੱਚੋਂ ਇੱਕ ਹੈ। ਇਸ ਦੀ ਧਾਰਮਿਕ ਅਧਿਕਾਰਤਾ, ਮਰਯਾਦਾ, ਅੰਦਰੂਨੀ ਮਾਮਲੇ, ਸੰਸਥਾਗਤ ਮਾਣ-ਮਰਯਾਦਾ, ਜਾਇਦਾਦਾਂ, ਪਰੰਪਰਾਵਾਂ ਅਤੇ ਪ੍ਰਬੰਧ ਪੰਥਕ ਮਾਮਲੇ ਹਨ। ਇਨ੍ਹਾਂ ਬਾਰੇ ਫੈਸਲੇ ਪ੍ਰਮਾਣਿਤ ਸਿੱਖ ਪੰਥਕ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਰਾਹੀਂ ਹੀ ਹੋਣੇ ਚਾਹੀਦੇ ਹਨ, ਨਾ ਕਿ ਸਰਕਾਰੀ ਹੁਕਮ, ਨਿਯੰਤਰਣ ਜਾਂ ਪੁਨਰਗਠਨ ਰਾਹੀਂ।

ਦਸਤਾਵੇਜ਼ਾਂ ਵਿੱਚ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ, 1956 (Hyd. Act No. XXXVII of 1956) ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਭਾਵੇਂ ਇਹ ਇੱਕ ਕਾਨੂੰਨੀ ਢਾਂਚਾ ਹੈ, ਪਰ ਇਸ ਨਾਲ ਜੁੜੀ ਸੰਸਥਾ ਇੱਕ ਪਵਿੱਤਰ ਤਖ਼ਤ ਸਾਹਿਬ ਹੈ। ਇਸ ਲਈ ਮਹਾਰਾਸ਼ਟਰ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਐਕਟ ਜਾਂ ਤਖ਼ਤ



ਨਾਲ ਸਬੰਧਿਤ ਕਿਸੇ ਵੀ ਕਾਨੂੰਨੀ, ਪ੍ਰਸ਼ਾਸਕੀ, ਚੋਣੀ, ਜਾਇਦਾਦੀ ਜਾਂ ਪ੍ਰਬੰਧਕੀ ਢਾਂਚੇ ਵਿੱਚ ਕੋਈ ਸੋਧ, ਰੱਦਗੀ, ਬਦਲੀ, ਪੁਨਰਗਠਨ ਜਾਂ ਦਖਲਅੰਦਾਜ਼ੀ ਨਾ ਕਰੇ।

ਪਹਿਲਕਦਮੀ ਵੱਲੋਂ ਇੱਕ ਖਰੜਾ ਪੱਤਰ ਵੀ ਤਿਆਰ ਕੀਤਾ ਗਿਆ ਹੈ, ਜਿਸ ਨੂੰ ਗੁਰਦੁਆਰੇ ਜਾਂ ਸੰਸਥਾਵਾਂ ਆਪਣੇ ਲੈਟਰਹੈੱਡ 'ਤੇ ਛਾਪ ਕੇ ਜਾਂ ਈਮੇਲ ਰਾਹੀਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਸਬੰਧਿਤ ਅਧਿਕਾਰੀਆਂ ਨੂੰ ਭੇਜ ਸਕਦੇ ਹਨ। ਈਮੇਲ ਪਤੇ ਵਜੋਂ cm@maharashtra.gov.in ਅਤੇ desk1.mdd-mh@gov.in; psec.rla@maharashtra.gov.in ਦਿੱਤੇ ਗਏ ਹਨ।

ਇਸ ਤੋਂ ਇਲਾਵਾ ਇੱਕ ਜਵਾਬ/ਸਮਰਥਨ ਫਾਰਮ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਸੰਸਥਾ ਦਾ ਨਾਮ, ਅਧਿਕਾਰਤ ਪ੍ਰਤਿਨਿਧੀ, ਸੰਪਰਕ ਵੇਰਵੇ ਅਤੇ ਸਮਰਥਨ ਦੀ ਕਿਸਮ (ਜਿਵੇਂ ਲਿਖਿਆ ਹੈ, ਸੋਧਾਂ ਨਾਲ, ਹੋਰ ਚਰਚਾ ਜਾਂ ਇਸ ਵੇਲੇ ਨਹੀਂ) ਦਰਜ ਕਰਨ ਦੀ ਵਿਵਸਥਾ ਹੈ। ਸੰਸਥਾਵਾਂ ਆਪਣਾ ਨਾਮ ਜਨਤਕ ਤੌਰ 'ਤੇ ਛਾਪਣ ਜਾਂ ਨਿੱਜੀ ਰੱਖਣ ਦੀ ਵੀ ਚੋਣ ਕਰ ਸਕਦੀਆਂ ਹਨ। ਵਲੰਟੀਅਰ ਛੋਟੀ ਵੀਡੀਓ ਕਲਿੱਪ ਵੀ ਭੇਜ ਸਕਦੇ ਹਨ।

ਪਹਿਲਕਦਮੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਇੱਕ ਸਵੈ-ਇੱਛਕ, ਗੈਰ-ਵਪਾਰਕ, ਕਾਨੂੰਨੀ ਅਤੇ ਸ਼ਾਂਤੀਪੂਰਨ ਕੌਮੀ ਸੇਵਾ ਹੈ। ਇਹ ਕਿਸੇ ਗੁਰਦੁਆਰੇ ਜਾਂ ਸੰਸਥਾ ਦੀ ਆਮ ਨੁਮਾਇੰਦਗੀ ਨਹੀਂ ਕਰਦੀ। ਭਰੇ ਹੋਏ ਫਾਰਮ, ਪੱਤਰਾਂ ਦੀਆਂ ਕਾਪੀਆਂ ਜਾਂ ਸਬੰਧਿਤ ਸਮੱਗਰੀ hazursahibproject@proton.me 'ਤੇ ਭੇਜੀ ਜਾ ਸਕਦੀ ਹੈ। ਵੈੱਬਸਾਈਟ hazursahibproject.org ਵੀ ਤਿਆਰ ਕੀਤੀ ਜਾ ਰਹੀ ਹੈ।

ਇੱਕ ਆਮ ਪੁੱਛੇ ਜਾਣ ਵਾਲੇ ਸਵਾਲ ਦੇ ਜਵਾਬ ਵਿੱਚ ਕਿਹਾ ਗਿਆ ਹੈ ਕਿ ਭਾਵੇਂ ਰਿਪੋਰਟਾਂ ਅਨੁਸਾਰ ਮਹਾਰਾਸ਼ਟਰ ਸਰਕਾਰ ਨੇ ਪ੍ਰਸਤਾਵ ਰੋਕ ਕੇ ਸਲਾਹ-ਮਸ਼ਵਰਾ ਕਰਨ ਦੀ ਗੱਲ ਕੀਤੀ ਹੈ, ਪਰ ਇਸ ਯਤਨ ਦਾ ਮਕਸਦ ਕੇਵਲ ਇੱਕ ਖਾਸ ਪ੍ਰਸਤਾਵ ਤੱਕ ਸੀਮਿਤ ਨਹੀਂ। ਵੱਡਾ ਸਿਧਾਂਤ ਇਹ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਅਧਿਕਾਰਤਾ, ਮਰਯਾਦਾ, ਪ੍ਰਬੰਧ ਅਤੇ ਅੰਦਰੂਨੀ ਮਾਮਲੇ ਸਿੱਖ ਪੰਥਕ ਮਾਮਲੇ ਹਨ ਅਤੇ ਕੋਈ ਵੀ ਸੁਧਾਰ ਤਖ਼ਤ ਅਤੇ ਪ੍ਰਮਾਣਿਤ ਪੰਥਕ ਪ੍ਰਕਿਰਿਆਵਾਂ ਰਾਹੀਂ ਹੀ ਹੋਣਾ ਚਾਹੀਦਾ ਹੈ।

ਪਹਿਲਕਦਮੀ ਵੱਲੋਂ ਗੁਰਦੁਆਰਿਆਂ, ਸਿੱਖ ਸੰਸਥਾਵਾਂ, ਤਖ਼ਤ-ਸਬੰਧੀ ਬਾਡੀਜ਼, ਵਿਦਵਾਨਾਂ, ਪਰਚਾਰਕਾਂ, ਸੇਵਾਦਾਰਾਂ, ਨੌਜਵਾਨ ਗਰੁੱਪਾਂ ਅਤੇ ਦੁਨੀਆ ਭਰ ਦੀ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਸਿਧਾਂਤ ਦਾ ਸਮਰਥਨ ਕਰਦੇ ਹੋਏ ਕਾਨੂੰਨੀ ਅਤੇ ਸ਼ਾਂਤੀਪੂਰਨ ਢੰਗ ਨਾਲ ਇੱਕਜੁਟ ਹੋਣ।

### ਅੱਜ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ



ਭਾਰਤ ਦੀ ਧਰਤੀ ਨੇ ਇਕ ਲੰਮਾ ਅਰਸਾ ਗੁਲਾਮੀ ਦਾ ਹੰਢਾਇਆ ਹੈ।ਜਿਸਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਲੱਖਾਂ ਭਾਰਤੀ ਸੂਰਵੀਰ ਯੋਧਿਆਂ ਨੇ ਆਪਣੇ ਪ੍ਰ?ਾਣ ਨਿਛਾਵਰ ਕੀਤੇ ਹਨ।ਬਹੁਤ ਸਾਰੇ ਸ਼ਹੀਦ ਅਜਿਹੇ ਵੀ ਹਨ ਜਿਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆ ਤੇ ਦਰਜ਼ ਹੀ ਨਹੀ ਹੋ ਸਕਿਆ।ਅਜ਼ਾਦੀ ਦੇ ਇਸ ਘੋਲ਼ ਵਿਚ ਪੰਜਾਬੀਆਂ ਦਾ ਵੀ ਉਚੇਚਾ ਯੋਗਦਾਨ ਰਿਹਾ ਹੈ।

ਇਹਨਾ ਹੀ ਸਿਰਲੱਥ ਸੂਰਮਿਆਂ ਵਿਚੋਂ ਹੀ ਇਕ ਨਾਮ ਸ਼ਹੀਦ ਊਧਮ ਸਿੰਘ ਜੀ ਦਾ ਹੈ ।ਅੱਜ 31 ਜੁਲਾਈ ਦੇ ਦਿਨ ਭਾਰਤ ਦੇਸ਼ ਦੇ ਇੱਕ ਮਹਾਂਨ ਵੀਰ ਸਪੂਤ ਤੇ ਜਿੱਦੀ ਕ੍ਰਾਂਤੀਕਾਰੀ ਰਾਮ ਮੁਹੰਮਦ ਸਿੰਘ ਅਜ਼ਾਦ (ਉਧਮ ਸਿੰਘ) ਜੀ ਦੀ ਸ਼ਹੀਦੀ ਦੇ ਵਜੋਂ ਦੇਸ਼ਵਾਸੀਆਂ ਵੱਲੋਂ ਓਹਨਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।ਜਦੋਂ ਕਦੀ ਜਲਿਆਂ ਵਾਲੇ ਖ਼ੂਨੀ ਸਾਕੇ ਦਾ ਜ਼ਿਕਰ ਹੁੰਦਾ ਹੈ ਤਾਂ ਸਹਿਜੇ ਹੀ ਊਧਮ ਸਿੰਘ ਦਾ ਨਾਮ ਯਾਦ ਆ ਜਾਂਦਾ ਹੈ ਜਿਸਨੇ 21 ਸਾਲਾਂ ਬਾਅਦ 1919 ਦੀ ਵਿਸਾਖੀ ਨੂੰ ਅਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਬਦਲਾ ਓਡਵਾਇਰ ਨੂੰ ਮਾਰ ਕੇ ਲਿਆ।ਊਧਮ ਸਿੰਘ ਦਾ ਸਾਰਾ ਜੀਵਨ ਕੁਰਬਾਨੀਆਂ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ।ਇਹਨਾ ਦੀ ਜੀਵਨੀ ਨੂੰ ਪੜ੍ਹ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਜਿਲ੍ਹਾ ਸੰਗਰੂਰ ਨੂੰ ਸਰਦਾਰ ਟਹਿਲ ਸਿੰਘ ਦੇ ਘਰ ਹੋਇਆ ਜਿਹੜੇ ਉਪਲੀ ਪਿੰਡ ਵਿਚ ਰੇਲਵੇ ਕਰਾਸਿੰਗ ਤੇ ਚੌਂਕੀਦਾਰ ਸਨ ਊਧਮ ਸਿੰਘ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਸੀ।7 ਸਾਲ ਦੀ ਉਮਰ ਵਿਚ ਇਹਨਾ ਦੇ ਮਾਤਾ ਪਿਤਾ ਚਲ ਵਸੇ ਜਿਸਦੇ ਸਿੱਟੇ ਵਜੋਂ ਇਹਨਾ ਨੂੰ ਕੇਂਦਰੀ ਖਾਲਸਾ ਯਤੀਮਘਰ ਅਮ੍ਰਿਤਸਰ ਵਿਚ ਲਿਜਾਇਆ ਗਿਆ।ਜਿਥੇ ਇਹ ਸਿੱਖੀ ਗੁਣਾਂ ਵਿਚ ਢਲ ਗਏ ਤੇ ਇਥੇ ਹੀ ਇਹਨਾ ਨੂੰ ਊਧਮ ਸਿੰਘ ਦਾ ਨਾਮ ਦਿੱਤਾ ਗਿਆ ਤੇ ਇਹਨਾ ਦੇ ਭਰਾ ਨੂੰ ਮੁਕਤਾ ਸਿੰਘ ਨੂੰ ਸਾਧੂ ਸਿੰਘ ਦਾ ਨਾਮ ਮਿਲਿਆ।1917 ਵਿਚ ਵੱਡੇ ਭਰਾ ਦਾ ਦਿਹਾਂਤ ਹੋ ਗਿਆ ਤੇ ਊਧਮ ਸਿੰਘ ਕੱਲੇ ਰਹਿ ਗਏ।1918 ਵਿਚ ਦਸਵੀਂ ਜਮਾਤ ਕਰਨ ਪਿੱਛੋਂ ਆਪ ਨੇ ਅਨਾਥਘਰ ਛੱਡ ਦਿੱਤਾ।ਜਦੋਂ 13 ਅਪ੍ਰੈਲ 1919 ਦਾ ਉਹ ਖ਼ੂਨੀ ਸਾਕਾ ਵਾਪਰਿਆ ਤਾ ਊਧਮ ਸਿੰਘ ਉੱਥੇ ਹੀ ਮੋਜੂਦ ਸਨ ਤੇ ਆਪਣੀ ਸਾਥੀਆਂ ਨਾਲ ਭੀੜ ਨੂੰ ਪਾਣੀ ਪਿਲਾ ਰਹੇ ਸਨ।ਇਸ ਖ਼ੂਨੀ ਕਾਂਡ ਨੇ ਊਧਮ ਸਿੰਘ ਦੇ ਮਨ ਤੇ ਬਹੁਤ ਡੂੰਘਾ ਅਸਰ ਕੀਤਾ।ਉਹਨਾ ਨੇ ਇਸ ਖ਼ੂਨੀ ਹਾਦਸੇ ਦੇ ਜਿੰਮੇਵਾਰ ਅਫਸਰਾਂ ਤੋਂ ਬਦਲਾ ਲੈਣ ਦਾ ਪ੍ਰਣ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਤੋਂ ਬਾਅਦ ਉਹ ਅਮਰੀਕਾ ਚਲੇ ਗਏ ਤੇ ਜਦੋਂ ਉਹਨਾ ਨੂੰ ਬੱਬਰ ਅਕਾਲੀ ਲਹਿਰ ਬਾਰੇ ਪਤਾ ਲੱਗਾ ਤੇ ਉਹ ਵਾਪਸ ਭਾਰਤ ਆ ਗਏ।ਉਹ ਆਪਣੇ ਨਾਲ ਪਿਸਤੋਲ ਲੈ ਕੇ ਆਏ ਜਿਸ ਕਰਕੇ ਉਹਨਾ ਨੂੰ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ ਤੇ ਗੈਰ-ਕਾਨੂੰਨੀ ਅਸਲਾ ਤੇ ਗਦਰ ਪਾਰਟੀ ਨਾਲ ਸਬੰਧ ਰੱਖਣ ਲਈ ਚਾਰ ਸਾਲ ਅੰਦਰ ਰੱਖਿਆ ਗਿਆ।

1931 ਵਿੱਚ ਜੇਲ ਤੋਂ ਰਿਹਾਈ ਪਿੱਛੋਂ ਉਹ ਸੁਨਾਮ ਆ ਗਏ ਜਿਥੇ ਪੁਲਿਸ ਵਲੋਂ ਉਹਨਾਂ ਨੂੰ ਲਗਾਤਾਰ ਤੰਗ ਪਰੇਸ਼ਾਨ ਕੀਤਾ ਜਾਣ ਲੱਗਾ।ਅਸਲ ਵਿਚ ਉਹਨਾਂ ਤੇ ਭਗਤ ਸਿੰਘ ਦੀ ਸ਼ਖਸ਼ੀਅਤ ਦਾ ਬਹੁਤ ਪ੍ਰਭਾਵ ਸੀ ਤੇ ਅੰਗਰੇਜ਼ ਉਹਨਾ ਨੂੰ ਭਗਤ ਸਿੰਘ ਦਾ ਸਾਥੀ ਸਮਝਦੇ ਸਨ।ਇਸ ਦੋਰਾਨ ਹੀ ਉਹਨਾਂ ਨੇ ਅਮ੍ਰਿਤਸਰ ਵਿਚ ਇਕ ਦੁਕਾਨ ਖੋਲੀ ਜਿਸਤੇ ਇਕ ਪੇਂਟਰ ਦਾ ਬੋਰਡ ਲਗਾਇਆ ਤੇ ਨਾਮ ਲਿਖਿਆ ਰਾਮ ਮੁਹੰਮਦ ਸਿੰਘ ਅਜ਼ਾਦ।ਅਸਲ ਵਿਚ ਇਹ ਨਾਮ ਸਾਰੇ ਧਰਮਾਂ ਨੂੰ ਦਰਸਾਉਦਾ ਸੀ।ਇਸ ਤੋਂ ਬਾਅਦ ਉਹ ਕਸ਼ਮੀਰ ਚਲੇ ਗਏ ।ਪੁਲਿਸ ਲਗਾਤਾਰ ਉਹਨਾ ਤੇ ਨਜ਼ਰ ਰੱਖੀ ਹੋਈ ਸੀ।ਪਰ ਕਿਸੇ ਤਰ੍ਹਾਂ ਪੁਲਿਸ ਨੂੰ ਚਕਮਾਂ ਦੇ ਕੇ ਉਹ ਜਰਮਨੀ ਪਹੁੰਚ ਗਏ ।ਜਿਸਤੋਂ ਬਾਅਦ ਲਗਭਗ 1934 ਵਿਚ ਉਹ ਲੰਡਨ ਪਹੁੰਚੇ ਜਿਥੇ ਉਹ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯੋਜਨਾ ਬਣਾਉਣ ਲੱਗੇ।

ਅੰਤ 13 ਮਾਰਚ 1940 ਨੂੰ ਉਹ ਦਿਨ ਆ ਗਿਆ ਜਦੋਂ ਲੰਡਨ ਦੇ ਕੰਗਸਟਨ ਹਾਲ ਵਿਚ ਈਸਟ ਇੰਡੀਆਂ ਕੰਪਨੀ ਤੇ ਕੇਂਦਰੀ ਏਸ਼ੀਅਨ ਸੁਸਾਇਟੀ ਦਾ ਸਾਂਝਾ ਸਮਾਗਮ ਹੋ ਰਿਹਾ ਸੀ ਜਿਸ ਵਿਚ ਜਲ੍ਹਿਆਂਵਾਲਾ ਵਾਲੇ ਬਾਗ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਜਨਰਲ ਓਡਵਾਇਰ ਨੇ ਭਾਸ਼ਣ ਦੇਣਾ ਸੀ।ਲਗਭਗ ਸ਼ਾਮ ਦਾ ਸਮਾਂ ਸੀ।ਊਧਮ ਸਿੰਘ ਹਾਲ ਵਿਚ ਦਾਖਲ ਹੋਣ ਸਮੇਂ ਆਪਣੀ ਰਿਵਾਲਵਰ ਕਿਤਾਬ ਵਿਚ ਲੁਕਾ ਕੇ ਲੈ ਗਏ ਸਨ।ਜਿਵੇਂ ਹੀ ਭਾਸ਼ਣ ਖਤਮ ਹੋਇਆ ਊਧਮ ਸਿੰਘ ਆਪਣੇ ਓਵਰ ਕੋਟ ਦੀ ਜ਼ੇਬ ਵਿਚੋਂ ਰਿਵਾਲਵਰ ਵਿਚੋਂ ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ ਜੈੱਟਲੈਂਡ (ਸੈਕਰੇਟਰੀ ਫਾਰ ਇੰਡੀਆ ਸਟੇਟ)ਦੇ ਮਾਰੀਆਂ ਜਿਸ ਨਾਲ ਉਹ ਜਖ਼ਮੀ ਹੋ ਕੇ ਆਪਣੀ ਕੁਰਸੀ ਤੇ ਡਿਗ ਪਿਆ, ਉਸ ਤੋਂ ਬਾਅਦ ਦੋ ਗੋਲ਼ੀਆਂ ਮਾਇਕਲ ਉਡਵਾਇਰ ਦੇ ਮਾਰੀਆਂ ਜਿਸ ਨਾਲ ਉਸਦੀ ਮੋਕੇ ਤੇ ਹੀ ਮੋਤ ਹੋ ਗਈ।ਇਸ ਤੋਂ ਇਲਾਵਾ ਉਹਨਾ ਨੇ ਲੁਈਸ ਡੇਨ(ਸਾਬਕਾ ਗਵਰਨਰ ਬੰਬੇ),ਲਾਰਡ ਲੈਮਿੰਗਟਨ(ਸਾਬਕਾ ਗਵਰਨਰ ਪੰਜਾਬ) ਜੋ ਕਿ ਪਹਿਲੀ ਕਤਾਰ ਵਿਚ ਬੈਠੇ ਸਨ ਦਾ ਵੀ ਗੋਲ਼ੀਆਂ ਮਾਰੀਆਂ ਭਾਵੇਂ ਇਹ ਗੋਰੇ ਜਲ੍ਹਿਆਂਵਾਲਾ ਵਾਲੇ ਖ਼ੂਨੀ ਕਾਂਡ ਨਾਲ ਸਬੰਧਿਤ ਨਹੀ ਸਨ ਪਰ ਇਹਨਾ ਜਾਲਮਾਂ ਨੇ ਵੀ ਭਾਰਤੀ ਲੋਕਾਂ ਤੇ ਕ੍ਰਾਂਤੀਕਾਰੀਆਂ ਤੇ ਅਣਮਨੁੱਖੀ ਤਸ਼ੱਦਦ ਕੀਤਾ ਸੀ।

ਇੱਥੇ ਜ਼ਿਕਰਯੋਗ ਇਹ ਵੀ ਹੈ ਕਿ ਉਸ ਸਮੇਂ ਦੇ ਫੌਜ ਮੁਖੀ ਸੀ ਜਨਰਲ ਰਿਜ਼ਨਾਲਡ ਇਡਵਰਡ ਹੈਰੀ ਡਾਇਰ ਉਸ ਦੀ ਮੌਤ 1927 ਦੇ ਵਿੱਚ ਬਿਮਾਰੀ ਕਾਰਨ ਹੋ ਚੁੱਕੀ ਸੀ ।ਊਧਮ ਸਿੰਘ ਨੇ ਜਿਸ ਮਾਈਕਲ ਓਡਵਾਇਰ ਦਾ ਗੋਲੀ ਨਾਲ ਕਤਲ ਕੀਤਾ ਸੀ ਉਹ ਦਰਅਸਲ ਪੰਜਾਬ ਦਾ ਉਸ ਸਮੇਂ ਗਵਰਨਰ ਜਨਰਲ ਸੀ।ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਮਾਈਕਲ ਉਡਵਾਇਰ ਦੇ ਹਸਤਾਖਰ ਕਰਨ ਤੋਂ ਬਾਅਦ ਹੀ ਜਨਰਲ ਡਾਇਰ ਨੇ ਜਲ੍ਹਿਆਂਵਾਲੇ ਬਾਗ ਵਿੱਚ ਮੌਜੂਦ ਮਾਸੂਮ ਨਿਹੱਥੇ ਲੋਕਾਂ ਤੇ ਗੋਲੀ ਚਲਾਈ ਸੀ।ਇਸ ਤਰ੍ਹਾਂ ਊਧਮ ਸਿੰਘ ਦਾ ਮੰਨਣਾ ਸੀ ਕਿ ਮਾਈਕਲ ਓਡਵਾਇਰ ਵੀ ਇਸ ਹੱਤਿਆ ਕਾਂਡ ਦੇ ਲਈ ਪੂਰਾ ਜ਼ਿੰਮੇਵਾਰ ਸੀ ਜਿਸ ਨੂੰ ਮਾਰ ਕੇ ਊਧਮ ਸਿੰਘ ਨੇ ਬਦਲਾ ਉਤਾਰਿਆ।

ਗੋਰੇ ਨੇ ਖਤਮ ਕਰਨ ਤੋ ਬਾਅਦ ਉਹ ਉੱਥੋ ਭੱਜੇ ਨਹੀ ਸਗੋਂ ਗ੍ਰਿਫਤਾਰੀ ਦੇ ਦਿੱਤੀ ।ਇਸਤੋਂ ਬਾਅਦ ਉਹਨਾ ਤੇ ਹੱਤਿਆ ਦਾ ਮੁਕੱਦਮਾਂ ਚਲਾਇਆ ਗਿਆ। 1ਅਪ੍ਰੈਲ 1940 ਨੂੰ ਉਹਨਾ ਨੂੰ ਉਡਵਾਇਰ ਦਾ ਹੱਤਿਆਰਾ ਮੰਨ ਲਿਆ ਗਿਆ।ਟਰਾਇਲ ਕੋਰਟ ਤੋਂ ਬਾਅਦ ਉਹਨੂੰ ਕੇਂਦਰੀ ਅਪਰਾਧਿਕ ਕੋਰਟ ਵਿਚ ਪੁੱਛ-ਗਿੱਛ ਲਈ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਉਹਨਾ ਨੂੰ ਪੁਰਾਣੀ ਬੇਲੀ ਜੇਲ ਵਿਚ ਰੱਖਿਆ ਗਿਆ। ਹਲਾਂਕਿ ਜਸਟਿਸ ਐਟਿਕਿਨਸਨ ਨੇ ਉਹਨਾ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਸੀ।ਜਿਸਨੂੰ ਰੱਦ ਕਰਵਾਉਣ ਲਈ 15 ਜੁਲਾਈ 1940 ਨੂੰ ਇਕ ਪਟੀਸ਼ਨ ਦਾਇਰ ਕੀਤੀ ਗਈ ਜਿਸਨੂੰ ਖਾਰਿਜ਼ ਕਰ ਦਿੱਤਾ ਗਿਆ ਸੀ।ਅੰਤ 31 ਜੁਲਾਈ 1940 ਨੂੰ ਪੈਂਟਵੇਲੀ ਜੇਲ ਵਿਚ ਇਸ ਸਿਰਲੱਥ ਸੂਰਮੇਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਅਤੇ ਜੇਲ੍ਹ ਦੇ ਅੰਦਰ ਹੀ ਉਸ ਦੀਆਂ ਅਸਥੀਆਂ ਨੂੰ ਦਬਾਅ ਦਿੱਤਾ ਗਿਆ।ਊਧਮ ਸਿੰਘ ਇਕ ਮਹਾਨ ਕ੍ਰਾਂਤੀਕਾਰੀ ਸੀ, ਜਲਿਆਂਵਾਲੇ ਭਾਗ ਦਾ ਸਾਕਾ, ਪਹਿਲੇ ਮਹਾਂਯੁੱਧ ਅਤੇ ਦੂਸਰੇ ਮਹਾਂਯੁੱਧ ਵਿਚ ਭਾਰਤੀਆਂ ਨੂੰ ਜ਼ਬਰਦਸਤੀ ਸ਼ਾਮਿਲ ਕਰਨਾ, ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਆਦਿ ਹੋਰ ਭਾਰਤ ਦੀ ਆਜ਼ਾਦੀ ਨਾਲ ਜੁੜੀਆਂ ਘਟਨਾਵਾਂ ਨੇ ਉਸ ਦੇ ਮਨ 'ਤੇ ਬਦਲਾ ਲੈਣ ਲਈ ਡੂੰਘਾ ਪ੍ਰਭਾਵ ਪਾਇਆ।

ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਸਦੀਆਂ ਤਕ ਭਾਰਤੀ ਲੋਕਾਂ ਨੂੰ ਦੇਸ਼ ਪਿਆਰ ਅਤੇ ਦੇਸ਼ ਲਈ ਕੁਰਬਾਨ ਹੋਣ ਦੀ ਪ੍ਰੇਰਨਾ ਦਿੰਦੀ ਰਹੇਗੀ। ਸਾਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਜੀਵਨ ਤਬਦੀਲ ਕਰਨਾ ਹੀ ਉਨ੍ਹਾਂ ਦੀ ਕੁਰਬਾਨੀ ਉਤੇ ਮਾਣ ਹੋਵੇਗਾ।

**-ਚਮਕੌਰ ਸਿੰਘ ਕੈਰਵੇ , ਲੇਖਕ ਅਤੇ ਪੱਤਰਕਾਰ**

## ਸਾਵਣ ਮਹੀਨੇ ਦੌਰਾਨ ਹਰਿਆਵਲ ਮੰਚ ਅੰਮ੍ਰਿਤਸਰ ਵੱਲੋਂ ਸ਼ਮਸ਼ਾਨ ਘਾਟ ਵਿੱਚ ਫਲਦਾਰ ਬੂਟੇ ਲਗਾ ਕੇ ਵਾਤਾਵਰਨ ਸੰਭਾਲ ਦਾ ਦਿੱਤਾ ਸੰਦੇਸ਼



ਚੌਕ ਮਹਿਤਾ,30 ਜੁਲਾਈ: ( ਬਾਬਾ ਸੁਖਵੰਤ ਸਿੰਘ ਚੰਨਣਕੇ)ਹਰਿਆਵਲ ਮੰਚ ਅੰਮ੍ਰਿਤਸਰ ਵੱਲੋਂ ਹਲਕਾ ਸਾਊਥ ਦੇ ਵਾਰਡ ਨੰਬਰ 50 ਅਧੀਨ ਗਿਲਵਾਲੀ ਗੇਟ ਸਥਿਤ ਡੇਰਾ ਬਾਬਾ ਮਾਘੀਂ ਸ਼ਾਹ ਸ਼ਮਸ਼ਾਨ ਘਾਟ ਵਿਖੇ ਫਲਦਾਰ ਬੂਟੇ ਲਗਾ ਕੇ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਸਮਾਜ ਸੇਵੀਆਂ, ਇਲਾਕਾ ਵਾਸੀਆਂ ਅਤੇ ਹਰਿਆਵਲ ਮੰਚ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਹਿੱਸਾ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਹਰਿਆਵਲ ਮੰਚ ਅੰਮ੍ਰਿਤਸਰ ਦੇ ਪ੍ਰਧਾਨ ਇੰਜ. ਦਲਜੀਤ ਸਿੰਘ ਕੋਹਲੀ ਨੇ ਕਿਹਾ ਕਿ ਸਾਵਣ ਦਾ ਮਹੀਨਾ ਬੂਟੇ ਲਗਾਉਣ ਲਈ ਸਭ ਤੋਂ ਉਚਿਤ ਸਮਾਂ ਹੈ ਅਤੇ ਹਰ ਨਾਗਰਿਕ ਨੂੰ ਇਸ ਮੌਸਮ ਵਿੱਚ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਨ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਮਸ਼ਾਨ ਘਾਟ ਉਹ ਸਥਾਨ ਹੈ ਜਿੱਥੇ ਆਖ਼ਰਕਾਰ ਹਰ ਮਨੁੱਖ ਨੇ ਪਹੁੰਚਣਾ ਹੈ, ਇਸ ਲਈ ਅਜਿਹੇ ਪਵਿੱਤਰ ਸਥਾਨਾਂ ਨੂੰ ਹਰਿਆ-ਭਰਿਆ ਬਣਾਉਣਾ ਸਭ ਤੋਂ ਵੱਡੀ ਮਨੁੱਖੀ ਸੇਵਾ ਹੈ। ਉਨ੍ਹਾਂ ਰਾਜੇਸ਼ ਕੁਮਾਰ ਡੈਨੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਸ ਸੇਵਾ ਦਾ ਮੌਕਾ ਦੇਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

ਇਸ ਮੌਕੇ ਰਾਜੇਸ਼ ਕੁਮਾਰ ਡੈਨੀ, ਪਹਿਲਵਾਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਾਈਸ ਚੇਅਰਮੈਨ, ਪੰਜਾਬ ਐਸ.ਸੀ. ਡਿਪਾਰਟਮੈਂਟ ਨੇ ਕਿਹਾ ਕਿ ਉਹ ਇੰਜ. ਦਲਜੀਤ ਸਿੰਘ ਕੋਹਲੀ ਅਤੇ ਹਰਿਆਵਲ ਮੰਚ ਦੀ ਪੂਰੀ ਟੀਮ ਦਾ ਸਤਿਕਾਰ ਅਤੇ ਧੰਨਵਾਦ ਕਰਦੇ ਹਨ, ਜੋ ਵਾਤਾਵਰਨ ਦੀ ਰੱਖਿਆ ਲਈ ਲਗਾਤਾਰ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰਿਆਵਲ ਮੰਚ ਵੱਲੋਂ ਚਲਾਈ ਜਾ ਰਹੀ ਰੁੱਖ ਲਗਾਉਣ ਦੀ ਮੁਹਿੰਮ ਸਮਾਜ ਲਈ ਪ੍ਰੇਰਣਾਦਾਇਕ ਅਤੇ ਸ਼ਲਾਘਾਯੋਗ ਹੈ।

ਪ੍ਰੋਗਰਾਮ ਦੇ ਅੰਤ ਵਿੱਚ ਇਲਾਕਾ ਵਾਸੀਆਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੀਆਂ ਵਾਤਾਵਰਨ ਪੱਖੀ ਮੁਹਿੰਮਾਂ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਕੈਨੇਡਾ ਵਿੱਚ ਵਰਕ ਪਰਮਿਟ ਰੱਦ ਹੋਣ ਮਗਰੋਂ

# ਪੰਜਾਬੀ ਵਿਦਿਆਰਥੀਆਂ ਦਾ ਕੈਲਗਰੀ ਵਿੱਚ ਧਰਨਾ ਜਾਰੀ, ਭਵਿੱਖ ਖਤਰੇ ਵਿੱਚ












**ਕੈਲਗਰੀ (ਕੈਨੇਡਾ), 30 ਜੁਲਾਈ (ਸਰਬਜੀਤ ਸਿੰਘ ਬਨੂੜ)**- ਚੰਗੇ ਭਵਿੱਖ ਅਤੇ ਪੱਕੀ ਇਮੀਗ੍ਰੇਸ਼ਨ ਦੀ ਆਸ ਨਾਲ ਕੈਨੇਡਾ ਪਹੁੰਚੇ ਸੈਂਕੜੇ ਪੰਜਾਬੀ ਵਿਦਿਆਰਥੀ ਅੱਜ ਆਪਣੇ ਭਵਿੱਖ ਨੂੰ ਲੈ ਕੇ ਡੂੰਘੀ ਚਿੰਤਾ ਵਿੱਚ ਹਨ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਕੀਤੀਆਂ ਅਰਜ਼ੀਆਂ ਰੱਦ ਹੋਣ ਤੋਂ ਬਾਅਦ ਕੈਲਗਰੀ ਵਿੱਚ ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਲਗਾਤਾਰ ਧਰਨੇ 'ਤੇ ਬੈਠੇ ਹਨ। ਪ੍ਰਦਰਸ਼ਨਕਾਰੀਆਂ ਵਿੱਚ ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਦੀ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਪੜ੍ਹਾਈ ਲਈ ਹਜ਼ਾਰਾਂ ਡਾਲਰ ਖਰਚੇ ਅਤੇ ਉਸ ਸਮੇਂ ਦੀਆਂ ਨੀਤੀਆਂ ਦੇ ਆਧਾਰ 'ਤੇ ਉਨ੍ਹਾਂ ਨੂੰ ਉਮੀਦ ਸੀ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ ਮਿਲੇਗਾ ਪਰ ਹੁਣ ਅਰਜ਼ੀਆਂ ਰੱਦ ਹੋਣ ਕਾਰਨ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਹੈ। ਕਈ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਨਾ ਤਾਂ ਉਹ ਪੱਕੇ ਤੌਰ 'ਤੇ ਕੈਨੇਡਾ ਵਿੱਚ ਰਹਿ ਸਕਦੇ ਹਨ ਅਤੇ ਨਾ ਹੀ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਨ। ਸਥਾਨਕ ਮੀਡੀਆ ਅਨੁਸਾਰ ਇਹ ਪ੍ਰਦਰਸ਼ਨ ਕਈ ਦਿਨਾਂ ਤੋਂ ਜਾਰੀ ਹੈ। ਆਪਣੀਆਂ ਮੰਗਾਂ ਦੇ ਸਮਰਥਨ ਵਿੱਚ ਕੁਝ ਵਿਦਿਆਰਥੀਆਂ ਨੇ ਭੁੱਖ ਹੜਤਾਲ ਵੀ ਕੀਤੀ, ਜਿਸ ਨਾਲ ਸਰਕਾਰ 'ਤੇ ਦਬਾਅ ਬਣਿਆ। ਬਾਅਦ ਵਿੱਚ ਸਥਾਨਕ ਭਾਈਚਾਰੇ ਦੇ ਆਗੂਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੇ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ। ਵਿਦਿਆਰਥੀ ਕੈਨੇਡਾ ਦੀ ਇਮੀਗ੍ਰੇਸ਼ਨ ਅਥਾਰਟੀ ਕੋਲੋਂ ਆਪਣੇ ਕੇਸਾਂ ਦੀ ਮੁੜ ਸਮੀਖਿਆ ਕਰਨ ਅਤੇ ਯੋਗ ਉਮੀਦਵਾਰਾਂ ਨੂੰ ਰਾਹਤ ਦੇਣ ਦੀ ਮੰਗ ਕਰ ਰਹੇ ਹਨ। ਦੂਜੇ ਪਾਸੇ, ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਵਰਕ ਪਰਮਿਟ ਸਬੰਧੀ ਫ਼ੈਸਲੇ ਮੌਜੂਦਾ ਯੋਗਤਾ ਨਿਯਮਾਂ ਅਤੇ ਇਮੀਗ੍ਰੇਸ਼ਨ ਨੀਤੀ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਇਸ ਦੌਰਾਨ ਕਈ ਵਿਦਿਆਰਥੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਇਹ ਵੀ ਸਵਾਲ ਉਠਾਏ ਹਨ ਕਿ ਇਸ ਸੰਕਟ ਵਿੱਚ ਫਸੇ ਭਾਰਤੀ ਵਿਦਿਆਰਥੀਆਂ ਦੇ ਹੱਕ ਵਿੱਚ ਭਾਰਤ ਸਰਕਾਰ ਵੱਲੋਂ ਕੋਈ ਪ੍ਰਭਾਵਸ਼ਾਲੀ ਦਖ਼ਲ ਨਜ਼ਰ ਨਹੀਂ ਆ ਰਿਹਾ। ਉੱਧਰ, ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਤੋਂ ਬਾਅਦ ਭਾਰਤ ਅਤੇ ਕੈਨੇਡਾ ਵਿਚਾਲੇ ਕੂਟਨੀਤਿਕ ਤਣਾਅ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸੇ ਦੌਰਾਨ ਉੱਤਰੀ ਅਮਰੀਕਾ ਅਤੇ ਯੂਰਪ ਵਿੱਚ ਸਰਗਰਮ ਕੁਝ ਕਥਿਤ ਅਪਰਾਧਿਕ ਗਿਰੋਹਾਂ ਖ਼ਿਲਾਫ਼ ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕਾਰਵਾਈ ਤੇਜ਼ ਕੀਤੀ ਹੈ। ਇਨ੍ਹਾਂ ਮਾਮਲਿਆਂ ਵਿੱਚ ਕੁਝ ਪੰਜਾਬੀ ਮੂਲ ਦੇ ਵਿਅਕਤੀਆਂ ਦੇ ਨਾਮ ਵੀ ਸਾਹਮਣੇ ਆਏ ਹਨ ਅਤੇ ਕਈ ਮਾਮਲਿਆਂ ਵਿੱਚ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਇਨਾਮ ਐਲਾਨ ਕਰਕੇ ਸਥਾਨਕ ਭਾਈਚਾਰੇ ਤੋਂ ਜਾਣਕਾਰੀ ਦੀ ਅਪੀਲ ਕੀਤੀ ਗਈ ਹੈ। ਹਾਲਾਂਕਿ, ਇਨ੍ਹਾਂ ਅਪਰਾਧਿਕ ਜਾਂਚਾਂ ਦਾ ਕੈਲਗਰੀ ਵਿੱਚ ਵਰਕ ਪਰਮਿਟ ਰੱਦ ਹੋਣ ਦੇ ਮਾਮਲੇ ਨਾਲ ਕੋਈ ਸਿੱਧਾ ਸਬੰਧ ਸਥਾਪਤ ਨਹੀਂ ਕੀਤਾ ਗਿਆ ਪਰੰਤੂ ਕਨੇਡਾ ਸਰਕਾਰ ਵੱਲੋਂ ਲਗਾਤਾਰ ਪਿਛਲੇ ਕੁਝ ਸਮੇਂ ਦੌਰਾਨ ਇਮੀਗ੍ਰੇਸ਼ਨ ਨੀਤੀਆਂ ਵਿੱਚ ਕੀਤੀਆਂ ਤਬਦੀਲੀਆਂ ਅਤੇ ਵਰਕ ਪਰਮਿਟ ਨਿਯਮਾਂ ਦੀ ਸਖ਼ਤੀ ਕਾਰਨ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿੱਚ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵੀ ਕਾਫ਼ੀ ਵੱਧ ਦੱਸੀ ਜਾ ਰਹੀ ਹੈ।

**☛ ਸੈਂਕੜੇ ਵਿਦਿਆਰਥੀ ਸੜਕਾਂ 'ਤੇ ਉਤਰੇ, ਭੁੱਖ ਹੜਤਾਲ ਕਰਕੇ ਸਰਕਾਰ 'ਤੇ ਬਣਾਇਆ ਦਬਾਅ; ਭਾਰਤ ਸਰਕਾਰ ਦੀ ਚੁੱਪੀ 'ਤੇ ਵੀ ਉੱਠੇ ਸਵਾਲ ☛ ਭਾਈ ਨਿੱਜਰ ਕਤਲ ਤੋ ਬਾਅਦ ਕਨੇਡਾ ਸਰਕਾਰ ਦਾ ਇਮੀਗ੍ਰੇਸ਼ਨ ਨੀਤੀਆਂ ਵਿੱਚ ਰੁੱਖ ਹੋਇਆ ਸਖ਼ਤ**

ਆਵਾਜ਼ਿ ਕੌਮ AWAZE QAUM International Newspaper & WEB TV

## ਬਰਨਾਲਾ ਲਾਠੀਚਾਰਜ ਦਾ ਵਿਰੋਧ ਚ ਜੰਡਿਆਲਾ ਗੁਰੂ ਰਿਹਾ ਪੂਰਨ ਬੰਦ, ਵਾਲਮੀਕੀ ਭਾਈਚਾਰੇ ਅਤੇ ਸ਼ਫ਼ਾਈ ਸੇਵਕਾਂ ਵੱਲੋਂ ਰੋਸ ਪ੍ਰਦਰਸ਼ਨ




**ਜੰਡਿਆਲਾ ਗੁਰੂ, 30 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਅੱਜ ਵਾਲਮੀਕੀ ਭਾਈਚਾਰੇ ਅਤੇ ਸਫ਼ਾਈ ਸੇਵਕ ਜਥੇਬੰਦੀਆਂ ਵੱਲੋਂ ਦਿੱਤੇ 'ਪੰਜਾਬ ਬੰਦ' ਦੇ ਸੱਦੇ ਨੂੰ ਜੰਡਿਆਲਾ ਗੁਰੂ ਵਿੱਚ ਭਰਵਾਂ ਹੁੰਗਾਰਾ ਮਿਲਿਆ। ਬੰਦ ਦੇ ਸੱਦੇ ਕਾਰਨ ਅੱਜ ਜੰਡਿਆਲਾ ਗੁਰੂ ਸ਼ਹਿਰ ਮੁਕੰਮਲ ਤੌਰ 'ਤੇ ਬੰਦ ਰਿਹਾ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ। ਸ਼ਹਿਰ ਦੇ ਮੁੱਖ ਬਾਜ਼ਾਰ, ਦੁਕਾਨਾਂ ਅਤੇ ਵਪਾਰਕ ਅਦਾਰੇ ਸਵੇਰ ਤੋਂ ਹੀ ਪੂਰੀ ਤਰ੍ਹਾਂ ਬੰਦ ਨਜ਼ਰ ਆਏ। ਸਫ਼ਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸ਼ਹਿਰ ਵਿੱਚ ਸਫ਼ਾਈ ਦਾ ਕੰਮ ਪੂਰੀ ਤਰ੍ਹਾਂ ਠੱਪ ਰਿਹਾ।ਬੰਦ ਦੇ ਅਸਰ ਕਾਰਨ ਸੜਕਾਂ 'ਤੇ ਆਵਾਜਾਈ ਆਮ ਦਿਨਾਂ ਨਾਲੋਂ ਕਾਫੀ ਘੱਟ ਦੇਖਣ ਨੂੰ ਮਿਲੀ।ਵਾਲਮੀਕੀ ਭਾਈਚਾਰੇ ਅਤੇ ਸਫ਼ਾਈ ਸੇਵਕਾਂ ਦੇ ਆਗੂਆਂ ਨੇ ਇਕੱਠੇ ਹੋ ਕੇ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਰੋਸ ਪ੍ਰਦਰਸ਼ਨ ਕਰ ਰਹੇ ਆਗੂਆਂ ਨੇ ਕਿਹਾ ਬਰਨਾਲਾ ਵਿੱਚ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਫ਼ਾਈ ਸੇਵਕਾਂ 'ਤੇ ਪੁਲਿਸ ਵੱਲੋਂ ਕੀਤਾ ਗਿਆ ਲਾਠੀਚਾਰਜ ਅਤਿ ਨਿੰਦਣਯੋਗ ਹੈ। ਪੀੜਤ ਕਰਮਚਾਰੀਆਂ ਨੂੰ ਤੁਰੰਤ ਇਨਸਾਫ਼ ਦਿੱਤਾ ਜਾਵੇ ਅਤੇ ਲਾਠੀਚਾਰਜ ਦੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।ਜੇਕਰ ਸਰਕਾਰ ਨੇ ਸਫ਼ਾਈ ਸੇਵਕਾਂ ਦੀਆਂ ਮੰਗਾਂ ਨਾ ਮੰਨੀਆਂ ਅਤੇ ਦੋਸ਼ੀਆਂ 'ਤੇ ਕਾਰਵਾਈ ਨਾ ਕੀਤੀ, ਤਾਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਦੂਜੇ ਪਾਸੇ, ਸ਼ਹਿਰ ਦੇ ਵਪਾਰੀਆਂ ਅਤੇ ਆਮ ਲੋਕਾਂ ਨੇ ਵੀ ਇਸ ਬੰਦ ਨੂੰ ਆਪਣਾ ਸਮਰਥਨ ਦਿੱਤਾ, ਜਿਸ ਕਾਰਨ ਬੰਦ ਪੂਰਨ ਤੌਰ 'ਤੇ ਸ਼ਾਂਤਮਈ ਅਤੇ ਸਫਲ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਬੰਦ ਦੌਰਾਨ ਜੰਡਿਆਲਾ ਗੁਰੂ ਵਿੱਚ ਦੇਖਿਆ ਗਿਆ ਬੰਦ ਦਾ ਅਸਰ



**ਜੰਡਿਆਲਾ ਗੁਰੂ 30 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਅੱਜ ਸਫਾਈ ਸੇਵਕ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦੌਰਾਨ ਅੱਜ ਸਵੇਰ ਤੋਂ ਹੀ ਜੰਡਿਆਲਾ ਗੁਰੂ ਦੇ ਮੁੱਖ ਬਾਜ਼ਾਰ ਬੰਦ ਦੇਖੇ ਗਏ ਅਤੇ ਸੜਕਾਂ ਤੇ ਬਾਜ਼ਾਰਾਂ ਵਿੱਚ ਵੀ ਰੌਣਕ ਨਾਮਾਤਰ ਸੀ । ਸਕੂਲ, ਕਾਲਜ, ਬੈਂਕ ਆਦਿ ਸਰਕਾਰੀ ਅਦਾਰੇ ਖੁੱਲ੍ਹੇ ਸਨ । ਸਫਾਈ ਕਰਮਚਾਰੀ ਯੂਨੀਅਨ ਜੰਡਿਆਲਾ ਗੁਰੂ ਵਲੋ ਸ਼ਹਿਰ ਵਿਚ ਰੋਸ ਰੈਲੀ ਵੀ ਕੱਢੀ ਗਈ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜਮਕੇ ਨਾਅਰੇਬਾਜ਼ੀ ਕੀਤੀ ਗਈ ।ਇਹ ਬੰਦ ਦਾ ਸੱਦਾ ਬੀਤੇ ਦਿਨੀ ਬਰਨਾਲਾ ਸ਼ਹਿਰ ਵਿੱਚ ਸਫਾਈ ਸੇਵਕ ਕਰਮਚਾਰੀਆਂ ਉੱਪਰ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਦੇ ਵਿਰੁੱਧ ਪੁਲਿਸ ਅਫਸਰਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਕੀਤਾ ਗਿਆ ਹੈ । ਇਸ ਤੋਂ ਇਲਾਵਾ ਸਫਾਈ ਕਰਮਚਾਰੀਆਂ ਵੱਲੋਂ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਉੱਪਰ ਬੈਠਾ ਗਿਆ ਹੈ ਜਿਸ ਕਾਰਨ ਸਾਰੇ ਸ਼ਹਿਰਾਂ ਦੇ ਗਲੀਆਂ ਮਹੱਲਿਆਂ ਬਾਜ਼ਾਰਾਂ ਵਿੱਚ ਕੂੜਿਆਂ ਦੇ ਢੇਰ ਆਮ ਦੇਖਣ ਨੂੰ ਮਿਲ ਰਹੇ ਹਨ ਅਤੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਗੰਦਗੀ ਦਾ ਮਾਹੌਲ ਫੈਲ ਚੁੱਕਾ ਹੈ । ਸਫਾਈ ਸੇਵਕਾਂ ਦੀ ਮੰਗ ਹੈ ਕਿ ਸਾਡੀਆਂ ਸਾਰੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ ਜੋ ਕਿ ਬੀਤੇ ਨਗਰ ਕੌਂਸਲ ਚੋਣਾਂ ਦੌਰਾਨ ਸਾਨੂੰ ਝੂਠਾ ਲਾਰਾ ਲਾ ਕੇ ਧਰਨੇ ਤੋਂ ਉਠਾ ਦਿੱਤਾ ਗਿਆ ਸੀ ।

ਆਵਾਜ਼ਿ ਕੌਮ AWAZE QAUM International Newspaper & WEB TV

## ਬਰਨਾਲਾ ਵਿਖੇ ਸ਼ਫ਼ਾਈ ਸੇਵਕਾਂ 'ਤੇ ਹੋਏ ਲਾਠੀਚਾਰਜ ਦੇ ਰੋਸ ਵਜੋ ਪੰਜਾਬ ਬੰਦ ਦਾ ਸੱਦਾ ਹੁਸ਼ਿਆਰਪੁਰ ਰਿਹਾ ਮੁਕੰਮਲ ਬੰਦ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨੀਂ ਬਰਨਾਲਾ ਵਿਖੇ ਪੁਲਿਸ ਪ੍ਰਸ਼ਾਸਨ ਵੱਲੋਂ ਸਫ਼ਾਈ ਸੇਵਕਾਂ ਅਤੇ ਔਰਤਾਂ 'ਤੇ ਕੀਤੇ ਗਏ ਅੰਨ੍ਹੇਵਾਹ ਲਾਠੀਚਾਰਜ ਦੇ ਵਿਰੋਧ ਵਿੱਚ ਅੱਜ ਪੂਰੇ ਪੰਜਾਬ ਅੰਦਰ ਰੋਸ ਦੀ ਲਹਿਰ ਦੇਖਣ ਨੂੰ ਮਿਲੀ। ਇਸ ਘਟਨਾ ਵਿੱਚ ਕਈ ਸਫ਼ਾਈ ਸੇਵਕਾਂ ਦੇ ਸਿਰ ਪਾਟ ਗਏ ਸਨ ਅਤੇ ਕਈਆਂ ਦੀਆਂ ਲੱਤਾਂ-ਬਾਹਾਂ 'ਤੇ ਗੰਭੀਰ ਸੱਟਾਂ ਲੱਗੀਆਂ ਸਨ। ਇਸ ਨਾਦਰਸ਼ਾਹੀ ਰਵੱਈਏ ਖ਼ਿਲਾਫ਼ ਪੂਰੇ ਭਾਰਤ ਵਿੱਚ ਬਣੇ ਗੰਭੀਰ ਮਾਹੌਲ ਨੂੰ ਮੁੱਖ ਰੱਖਦਿਆਂ ਅੱਜ 30 ਜੁਲਾਈ ਨੂੰ ਪੰਜਾਬ ਭਰ ਦੀਆਂ ਸਫ਼ਾਈ ਸੇਵਕ ਜਥੇਬੰਦੀਆਂ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਡਾਕਟਰ ਭੀਮ ਰਾਓ ਅੰਬੇਦਕਰ ਸਭਾਵਾਂ ਅਤੇ ਭਗਵਾਨ ਵਾਲਮੀਕਿ ਜੀ ਸਭਾਵਾਂ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ ਸੀ। ਇਸ ਸੱਦੇ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਹੁਸ਼ਿਆਰਪੁਰ ਵਿੱਚ ਵੀ ਪੂਰਨ ਬੰਦ ਦੇਖਣ ਨੂੰ ਮਿਲਿਆ। ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਅਗਵਾਈ ਹੇਠ ਫੋਰਸ ਦੇ ਆਗੂਆਂ, ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਹਿਰ ਵਿੱਚ ਇੱਕ ਵਿਸ਼ਾਲ ਮਾਰਚ ਕੱਢਿਆ। ਮਾਰਚ ਦੌਰਾਨ ਜੇਕਰ ਕੋਈ ਦੁਕਾਨ ਖੁੱਲ੍ਹੀ ਮਿਲੀ ਤਾਂ ਆਗੂਆਂ ਨੇ ਬਹੁਤ ਹੀ ਪਿਆਰ ਅਤੇ ਸ਼ਾਂਤਮਈ ਢੰਗ ਨਾਲ ਦੁਕਾਨਦਾਰਾਂ ਨੂੰ ਬੰਦ ਵਿੱਚ ਸਹਿਯੋਗ ਦੇਣ ਦੀ ਬੇਨਤੀ ਕਰਕੇ ਦੁਕਾਨਾਂ ਬੰਦ ਕਰਵਾਈਆਂ ਪ੍ਰਦਰਸ਼ਨਕਾਰੀ ਡੀਐਸਪੀ ਸਤਬੀਰ ਸਿੰਘ ਬੈਂਸ ਇੰਸਪੈਕਟਰ ਐਸ ਐਚ ਓ ਲਖਵਿੰਦਰ ਸਿੰਘ ਅਤੇ ਉਸਦੇ ਨਾਲ ਮੁਲਾਜ਼ਮਮਾਂ ਤੇ 307 ਦੇ ਪਰਚੇ ਦੀ ਮੰਗ ਕਰ ਰਹੇ ਸਨ ਅਤੇ ਡੀਐਸਪੀ ਸਤਵੀਰ ਸਿੰਘ ਬੈਂਸ ਅਤੇ ਐਸਐਚ ਓ ਲਖਵਿੰਦਰ ਸਿੰਘ ਨੂੰ ਡਿਸਮਿਸ ਕਰਨ ਦੀ ਪੁਰਜ਼ੋਰ ਮੰਗ ਕਰ ਰਹੇ ਸਨ । ਆਗੂਆਂ ਨੇ ਦੱਸਿਆ ਕਿ ?ਬੇਗਮਪੁਰਾ ਟਾਈਗਰ ਫੋਰਸ ਸਾਲ 2009 ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਮੂਹਰੇ ਹੋ ਕੇ ਯੋਗਦਾਨ ਪਾ ਰਹੀ ਹੈ, ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਪੀੜਤਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਨਜ਼ਰ ਆਈ। ਫੋਰਸ ਦੇ ਸੈਂਕੜੇ ਸਾਥੀਆਂ ਨੇ ਹੋਰਨਾਂ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਸ਼ਹਿਰ ਵਿੱਚ ਅਮਨ-ਅਮਾਨ ਨਾਲ ਮਾਰਚ ਕੀਤਾ।

ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ

# ਮਾਣਯੋਗ ਵਿੱਤ ਮੰਤਰੀ ਪੰਜਾਬ ਨਾਲ ਕੀਤੀ ਮੀਟਿੰਗ



## ਮੁਲਾਜਮ ਯੂਨੀਅਨ ਵਲੋਂ ਮੰਗਾਂ ਸੰਬੰਧੀ ਸੌਂਪਿਆ ਮੰਗ ਪੱਤਰ ਗੁਰਜਿੰਦਰ ਸਿੰਘ ਔਲਖ

ਜੰਡਿਆਲਾ ਗੁਰੂ 30 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਬੀਤੇ ਦਿਨ 28 ਜੁਲਾਈ 2026 ਨੂੰ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਜਥੇਬੰਦੀ ਵੱਲੋਂ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਆਊਟਸੋਰਸ (ਕੱਚੇ ਕਾਮਿਆਂ) ਦੀਆਂ ਮੰਗਾਂ ਨਾਲ ਸਬੰਧਤ ਮਾਣਯੋਗ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ। ਅੱਜ ਦੀ ਇਸ ਮੀਟਿੰਗ ਵਿੱਚ ਜਥੇਬੰਦੀ ਦੇ ਆਗੂਆਂ ਵੱਲੋਂ ਸਿਹਤ ਵਿਭਾਗ ਵਿੱਚ ਏ,ਬੀ,ਸੀ,ਡੀ ਵੱਖ-ਵੱਖ ਕੈਟਾਗਿਰੀਆਂ ਅਤੇ ਵੱਖ-ਵੱਖ ਕੰਪਨੀਆਂ ਅਧੀਨ ਤੈਨਾਤ ਸਮੂਹ ਆਊਟਸੋਰਸ, ਡੇਲੀ ਵੇਜ਼ਿਜ (ਕੱਚੇ ਕਾਮਿਆਂ) ਨੂੰ ਵਿਭਾਗ ਅਧੀਨ ਲੈ ਕੇ ਪੱਕਾ ਕਰਨ ਅਤੇ ਪੱਕੇ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ, ਜਿੰਨ੍ਹਾਂ ਸਮਾਂ ਪੱਕਾ ਨਹੀਂ ਕੀਤਾ ਜਾਂਦਾ ਬਰਾਬਰ ਕੰਮ ਬਰਾਬਰ ਤਨਖ਼ਾਹ ਦਾ ਫਾਰਮੂਲਾ ਲਾਗੂ ਕਰਨ ਦੀ ਮੰਗ, ਡੀ.ਡੀ.ਆਰ .ਐਸ. ਅਧੀਨ ਕੰਮ ਕਰਦੇ ਆਊਟਸੋਰਸ ਮੁਲਾਜਮਾਂ ਉੱਪਰ 9% ਅਤੇ 6% ਇੰਕਰੀਮੈਂਟ ਤੁਰੰਤ ਲਾਗੂ ਕਰਨ ਦੀ ਮੰਗ, ਪੰਜਾਬ ਸਰਕਾਰ ਵੱਲੋਂ ਬਿੱਲ 2026 ਤਹਿਤ ਸੇਵਾਕਾਲ ਦੇ 5 ਸਾਲ ਤੋਂ ਘੱਟ ਮੁਲਾਜ਼ਮਾਂ ਲਈ ਨੌਕਰੀ ਸਰੁੱਖਿਅਤ ਦੀ ਮੰਗ, ਸਮੂਹ ਆਊਟਸੋਰਸ (ਡੀ.ਡੀ.ਆਰ.ਐੱਸ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਹੈਲਥ ਸਿਸਟਮ ਕਾਪੋਰੇਸ਼ਨ, ਸਟੇਟ ਹੈਲਥ ਏਜੰਸੀ, ਡੀ.ਐੱਸ.ਐੱਚ) ਆਊਟਸੋਰਸ, ਡੇਲੀ ਵੇਜ਼ਿਜ ਕੱਚੇ ਕਾਮਿਆਂ ਦਾ ਡਾਟਾ ਆਈ.ਐੱਚ.ਐੱਮ.ਆਰ.ਐੱਸ ਪੋਰਟਲ ਉੱਪਰ ਭਰਨ ਦੀ ਮੰਗ ਅਤੇ ਅਰੋਗਿਆ ਮਿੱਤਰ, ਕਾਊਂਸਲਰ, ਸਫ਼ਾਈ ਸੇਵਕ, ਅਕਾਊਟੈਂਟ, ਪੀ.ਐੱਸ.ਏ ਪਲਾਂਟ ਅਪ੍ਰੇਟਰ, ਲਾਇਬ੍ਰੇਰੀਅਨ, ਡਰਾਇਵਰ, ਆਰ.ਟੀ.ਪੀ.ਸੀ.ਆਰ ਲੈਬ ਮੁਲਾਜ਼ਮ, ਆਦਿ ਸਮੂਹ ਕੱਚੇ ਕਾਮਿਆਂ ਨੂੰ ਬਿੱਲ 2026 ਤਹਿਤ ਵਿਭਾਗ ਵਿੱਚ ਸ਼ਾਮਿਲ ਕਰਨ ਦੀ ਮੰਗ, ਵੱਖ-ਵੱਖ ਸਿਵਲ ਹਸਪਤਾਲਾਂ ਵਿੱਚ ਯੂਜਰ ਚਾਰਜਿਸ ਅਧੀਨ ਕੱਚੇ ਕਾਮੇ ਜਿਹਨਾਂ ਦਾ ਈ.ਪੀ.ਐਫ. ਅਤੇ ਈ.ਐਸ ਆਈ. ਨਹੀਂ ਕੱਟਿਆ ਜਾਂਦਾ ਅਤੇ ਨਾ ਹੀ ਕਿਸੇ ਕੰਪਨੀ ਅਧੀਨ ਹਨ ਉਹਨਾਂ ਨੂੰ ਵੀ ਬਿੱਲ 2026 ਤਹਿਤ ਵਿਭਾਗ ਵਿੱਚ ਸ਼ਾਮਿਲ ਕਰਨ ਆਦਿ ਮੰਗਾਂ ਉੱਪਰ ਵਿਚਾਰ ਚਰਚਾ ਕਰਨ ਤੋਂ ਬਾਅਦ ਮਾਣਯੋਗ ਵਿੱਤ ਮੰਤਰੀ ਪੰਜਾਬ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਮੁਸ਼ਿਕਲਾਂ ਨੂੰ ਵਾਜਿਬ ਦੱਸਦਿਆਂ ਜਲਦੀ ਹੱਲ ਕਰਨ ਲਈ ਵਿਭਾਗ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਮਾਣਯੋਗ ਵਧੀਕ ਪ੍ਰਮੁੱਖ ਸਕੱਤਰ ਜੀ ਵੱਲੋਂ ਕੱਚੇ ਕਾਮਿਆਂ ਦੇ ਕੇਸ ਨੂੰ ਵਿਭਾਗ ਨਾਲ ਸਬੰਧਤ ਮੰਗਾਂ ਜਲਦੀ ਹੱਲ ਕਰਨ ਲਈ ਭੇਜਿਆ ਅਤੇ ਸਿਹਤ ਵਿਭਾਗ ਦੇ ਉੱਚ-ਅਧਿਕਾਰੀਆਂ ਨਾਲ ਮਿਤੀ 29 ਜੁਲਾਈ ਨੂੰ ਦੁਬਾਰਾ ਮੀਟਿੰਗ ਲਗਾਕੇ ਰਹਿੰਦੇ ਮਸਲੇ ਹੱਲ ਕਰਨ ਲਈ ਕਿਹਾ ਗਿਆ। ਅੱਜ ਦੀ ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ, ਸੂਬਾ ਜਨਰਲ ਸਕੱਤਰ ਹਰਮਨਦੀਪ ਸਿੰਘ ਸਿੱਧੂ, ਸੂਬਾ ਵਿੱਤ ਸਕੱਤਰ ਨਾਜਰ ਸਿੰਘ ਮਾਨਸਾ, ਸੂਬਾ ਜਥੇਬੰਦਕ ਸਕੱਤਰ ਹਰਪਾਲ ਸਿੰਘ ਪਟਿਆਲਾ ਅਤੇ ਬਲਜਿੰਦਰ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਸੂਬਾ ਸਲਾਹਕਾਰ ਗੁਰਦੀਪ ਸਿੰਘ ਬਰਨਾਲਾ, ਸੀਮਾ ਰਾਣੀ ਮੋਹਾਲੀ ਅਤੇ ਦਰਸ਼ਨਾ ਮੋਹਾਲੀ ਆਦਿ ਸਾਥੀ ਸ਼ਾਮਿਲ ਰਹੇ।

ਮਾਤਾ ਸੁੰਦਰੀ ਪਬਲਿਕ ਸਕੂਲ ਦੇ ਅੰਤਰਰਾਸ਼ਟਰੀ ਅੰਗਰੇਜ਼ੀ ਅਧਿਆਪਕ ਸ. ਗੁਰਦੀਪ ਸਿੰਘ ਢਿੱਲੋਂ ਦੀ

# "ਨੈਸ਼ਨਲ ਅਵਾਰਡ" ਹਿਤ ਜਿਲ੍ਹਾ ਲੈਵਲ ਤੇ ਹੋਈ ਚੋਣ

## ਜ਼ਿਲ੍ਹਾ ਸਿੱਖਿਆ ਅ.ਫਸਰ ਅਤੇ ਚੋਣ ਕਮੇਟੀ ਵੱਲੋਂ ਬਠਿੰਡਾ ਜ਼ਿਲ੍ਹੇ ਅਧੀਨ ਨੋਮੀਨੇਸ਼ਨ ਅਪਰੂਵ




ਤਲਵੰਡੀ ਸਾਬੋ, 30 ਜੁਲਾਈ (ਗੁਰਜੰਟ ਸਿੰਘ ਨਥੇਹਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸੁਯੋਗ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸੁੰਦਰੀ ਪਬਲਿਕ ਸਕੂਲ ਕੋਟ ਸ਼ਮੀਰ ਦੇ ਪ੍ਰਿੰਸੀਪਲ ਡਾ. (ਪ੍ਰੋ) ਮਨੋਰਮਾ ਸਮਾਗ ਜੀ ਦੀ ਯੋਗ ਅਗਵਾਈ ਅਧੀਨ ਅੰਤਰਰਾਸ਼ਟਰੀ ਅੰਗਰੇਜ਼ੀ ਅਧਿਆਪਕ ਸ੍ਰ ਗੁਰਦੀਪ ਸਿੰਘ ਢਿੱਲੋਂ ਦੀ ਭਾਰਤ ਸਰਕਾਰ ਵੱਲੋਂ ਦਿੱਤੇ ਜਾਂਦੇ "ਨੈਸ਼ਨਲ ਅਵਾਰਡ" ਲਈ ਜ਼ਿਲ੍ਹਾ ਪੱਧਰ ਤੇ ਚੋਣ ਹੋ ਚੁੱਕੀ ਹੈ। ਅਧਿਆਪਕ ਦੁਆਰਾ ਸਿੱਖਿਆ-ਖੇਤਰ ਅਧੀਨ ਆਪਣੀਆਂ ਵਿਸ਼ੇਸ਼ ਅੰਤਰਰਾਸ਼ਟਰੀ ਪ੍ਰਾਪਤੀਆਂ, ਰਚਨਾਤਮਕ ਅਧਿਆਪਨ ਤਕਨੀਕਾਂ ਅਤੇ ਅਲੱਗ -ਅਲੱਗ ਮਾਪਦੰਡਾਂ ਅਧੀਨ ਇਸ ਐਵਾਰਡ ਲਈ ਨੋਮੀਨੇਸ਼ਨ ਭੇਜੀ ਗਈ ਸੀ ਜਿਸਦੀ ਵੈਰੀਫ਼ਿਕੇਸ਼ਨ ਕਰਨ ਹਿਤ ਜ਼ਿਲ੍ਹਾ ਚੋਣ ਕਮੇਟੀ ਬਠਿੰਡਾ ਨੇ ਸਕੂਲ ਵਿਖੇ ਪਹੁੰਚ ਕੇ ਸਮੁੱਚੀ ਪੜਤਾਲ ਕੀਤੀ ਅਤੇ ਉਹਨਾਂ ਅਧਿਆਪਕ ਪਾਸੋਂ ਉਹਨਾਂ ਦੀਆਂ ਪ੍ਰਾਪਤੀਆਂ ਅਤੇ ਅਧਿਆਪਨ ਬਾਰੇ ਬਾਰੀਕੀ ਨਾਲ ਪੁੱਛ ਗਿੱਛ ਕੀਤੀ। ਉਹਨਾਂ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਵਿੱਚੋਂ ਤਿੰਨ ਨਾਮ ਅੱਗੇ ਪੰਜਾਬ ਸਟੇਟ ਸਿਲੈਕਸ਼ਨ ਕਮੇਟੀ ਕੋਲ ਭੇਜੇ ਜਾਣੇ ਹਨ ਜਿਨ੍ਹਾਂ ਵਿੱਚੋਂ ਸ੍ਰ ਗੁਰਦੀਪ ਸਿੰਘ ਢਿੱਲੋਂ ਇੱਕ ਹੈ। ਸਕੂਲ ਪ੍ਰਿੰਸੀਪਲ ਡਾ: ਮਨੋਰਮਾ ਸਮਾਗ ਜੀ ਨੇ ਅਧਿਆਪਕ ਨੂੰ ਸ਼ੁੱਭ ਇਛਾਵਾਂ ਭੇਟ ਕੀਤੀਆਂ ਅਤੇ ਅੰਤ ਵਿੱਚ ਅਧਿਆਪਕ ਗੁਰਦੀਪ ਸਿੰਘ ਨੇ ਸਮੁੱਚੀ ਚੋਣ ਕਮੇਟੀ, ਪ੍ਰਿੰਸੀਪਲ ਜੀ ਅਤੇ ਸਟਾਫ਼ ਦਾ ਵਿਸ਼ੇਸ਼ ਸਹਿਯੋਗ ਹਿਤ ਤਹਿ ਦਿਲੋਂ ਧੰਨਵਾਦ ਕੀਤਾ।

ਕਨੇਡਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਹੋਈ ਬੇਅਦਬੀ 'ਤੇ ਸਪੇਨ ਦੀਆਂ ਸੰਗਤਾਂ ਦਾ ਫੁੱਟਿਆ ਗੁੱਸਾ

# ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੋਸ਼ੀਆਂ 'ਖਿਲਾਫ ਕਾਰਵਾਈ ਦੀ ਅਪੀਲ

**ਸਪੇਨ/ਲੰਡਨ (ਸਰਬਜੀਤ ਸਿੰਘ ਬਨੂੜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਕਥਿਤ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਵਿਦੇਸ਼ੀ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਪੇਨ ਵੱਸਦੀਆਂ ਸਿੱਖ ਸੰਗਤਾਂ ਅਤੇ ਬਾਬਾ ਦੀਪ ਸਿੰਘ ਜੀ ਜਥੇਬੰਦੀ ਸਪੇਨ ਦੇ ਸੇਵਕਾਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਸਖ਼ਤ ਲਹਿਜ਼ੇ ਵਿੱਚ ਮੰਗ ਪੱਤਰ ਭੇਜਦਿਆਂ ਦੋਸ਼ੀਆਂ ਖ਼ਿਲਾਫ਼ ਤੁਰੰਤ ਪੰਥਕ ਅਤੇ ਅਨੁਸ਼ਾਸਨਾਤਮਕ ਕਾਰਵਾਈ ਦੀ ਮੰਗ ਕੀਤੀ ਹੈ।

ਬਾਬਾ ਦੀਪ ਸਿੰਘ ਜਥੇਬੰਦੀ ਸਪੇਨ ਦੇ ਸੇਵਕਾਂ ਸਮੇਤ ਗੁਰਦੇਵ ਸਿੰਘ, ਗੁਰਲਾਲ ਸਿੰਘ, ਗੁਰਸੇਵਕ ਸਿੰਘ, ਮਲਕੀਤ ਸਿੰਘ, ਗੁਰਮੁਖ ਸਿੰਘ, ਅਮਰਿੰਦਰ ਸਿੰਘ ਬਿੱਲਾ, ਪਰਗਟ ਸਿੰਘ, ਹਰਪਾਲ ਸਿੰਘ, ਹਰਮਨ ਸਿੰਘ, ਪਰਮਜੀਤ ਸਿੰਘ, ਜਗਦੀਪ ਸਿੰਘ, ਗੁਰਦੇਵਜੀਤ ਸਿੰਘ ਮੱਲੀ ਅਤੇ ਹੋਰ ਕਈ ਸਿੱਖ ਆਗੂਆਂ ਨੇ ਦਸਤਖ਼ਤ ਕਰਕੇ ਪੰਥਕ ਸੰਸਥਾਵਾਂ ਤੋਂ ਤੁਰੰਤ ਨਿਆਂ ਦੀ ਮੰਗ ਕੀਤੀ ਹੈ। ਮੰਗ ਪੱਤਰ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਕੁਝ ਨੁਮਾਇੰਦਿਆਂ ਵੱਲੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕੀਤੀ ਗਈ ਹੈ, ਜਿਸ ਨਾਲ ਸਮੁੱਚੇ ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੀ ਹੈ।

ਸੰਗਤਾਂ ਨੇ ਗੁਰਬਾਣੀ ਦੇ ਪਾਵਨ ਫੁਰਮਾਣਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਧਾਰਮਿਕ ਸੰਸਥਾਵਾਂ ਨਾਲ ਜੁੜੇ ਲੋਕ ਹੀ ਗੁਰੂ ਦੀ ਮਰਿਆਦਾ ਦੀ ਰਾਖੀ ਕਰਨ ਦੀ ਬਜਾਏ ਉਸ ਦੀ ਉਲੰਘਣਾ ਕਰਨ ਲੱਗ ਪੈਣ ਤਾਂ ਇਹ ਪੂਰੇ ਪੰਥ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ 'ਤੇ ਚੁੱਪ ਰਹਿਣਾ ਦੋਸ਼ੀਆਂ ਨੂੰ ਹੌਸਲਾ ਦੇਣ ਦੇ ਬਰਾਬਰ ਹੋਵੇਗਾ।

ਮੰਗ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਿੱਖ ਕੌਮ ਪਹਿਲਾਂ ਹੀ ਅਨੇਕਾਂ ਅੰਦਰੂਨੀ ਵਿਵਾਦਾਂ ਵਿੱਚ ਉਲਝੀ ਹੋਈ ਹੈ ਅਤੇ ਸੰਗਤਾਂ ਨਹੀਂ ਚਾਹੁੰਦੀਆਂ ਕਿ ਆਪਣੀਆਂ ਹੀ ਪੰਥਕ ਸੰਸਥਾਵਾਂ ਵਿਰੁੱਧ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਪਵੇ। ਜੇਕਰ ਇਸ ਗੰਭੀਰ ਮਾਮਲੇ ਵਿੱਚ ਵੀ ਕੋਈ ਠੋਸ ਕਾਰਵਾਈ ਨਾ ਹੋਈ ਤਾਂ ਸੰਗਤਾਂ ਨੂੰ ਅਗਲੇ ਕਦਮਾਂ ਬਾਰੇ ਸੋਚਣ ਲਈ ਮਜਬੂਰ ਹੋਣਾ ਪਵੇਗਾ।

ਸਪੇਨ ਦੀਆਂ ਸੰਗਤਾਂ ਨੇ ਇਹ ਵੀ ਯਾਦ ਦਿਵਾਇਆ ਕਿ ਇਸ ਤੋਂ ਪਹਿਲਾਂ ਵੀ ਵਿਦੇਸ਼ਾਂ ਤੋਂ ਕਈ ਵਾਰ ਅਪੀਲਾਂ ਭੇਜੀਆਂ ਜਾ ਚੁੱਕੀਆਂ ਹਨ, ਪਰ ਅਜੇ ਤੱਕ ਦੋਸ਼ੀਆਂ ਖ਼ਿਲਾਫ਼ ਕੋਈ ਪ੍ਰਭਾਵਸ਼ਾਲੀ ਕਾਰਵਾਈ ਸਾਹਮਣੇ ਨਹੀਂ ਆਈ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਗੁਰੂ ਸਾਹਿਬ ਦੀ ਮਰਿਆਦਾ ਨਾਲ ਖਿਲਵਾੜ ਕਰਨ ਦੀ ਜੁਰਅਤ ਨਾ ਕਰ ਸਕੇ।

# ਮਾਨ ਸਰਕਾਰ ਨੇ ਲੋਕਾਂ ਦੀ ਰਸੋਈ ਦੀ ਚਿੰਤਾ ਦੂਰ ਕੀਤੀ : ਕੋਟਲਾ



ਜੰਡਿਆਲਾ ਗੁਰੂ 30 ਜੁਲਾਈ ( ਕੁਲਵੰਤ ਸਿੰਘ ਵਿਰਦੀ ) ਆਮ ਆਦਮੀ ਪਾਰਟੀ ਦੀ ਸਰਕਾਰ ਮੁਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਗਰੀਬ ਲੋਕਾਂ ਨੂੰ ਰਸੋਈ ਕਿੱਟਾਂ ਦੇ ਕੇ ਉੰਨਾਂ ਦੀ ਰਸੋਈ ਦੀ ਚਿੰਤਾ ਦੂਰ ਕਰ ਦਿਤੀ ਹੈ ਓਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਪ ਦੇ ਸੀਨੀਅਰ ਆਗੂ ਅਤੇ ਸਰਪੰਚ ਡਾ. ਗੁਰਦੀਪ ਸਿੰਘ ਕੋਟਲਾ ਬਥੂੰਨਗੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਤੋਂ ਵਧੇਰੇ ਕੰਮ ਕਰਕੇ ਵਿਖਾ ਦਿਤਾ ਹੈ ਜੋ ਕੰਮ ਪਿਛਲੀਆ ਸਰਕਾਰਾਂ ਨਹੀਂ ਕਰਾ ਸਕੀਆਂ ਉਹ ਕੰਮ ਕਰਕੇ ਵਿਖਾ ਦਿਤੇ ਹਨ ਉੰਨਾਂ ਕਿਹਾ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋ ਲੋਕਾਂ ਦੀਆਂ ਆਸਾਂ ਤੇ ਖਰੇ ਉਤਰਦਿਆਂ ਹਲਕੇ ਦਾ ਵਿਕਾਸ ਜੰਗੀ ਪੱਧਰ ਤੇ ਕਰਵਾਇਆ ਜਾ ਰਿਹਾ ਹੈ । ਇਸ ਸਮੇਂ ਪ੍ਰਮੁਖ ਆਗੂ ਸਰਪੰਚ ਡਾ. ਗੁਰਦੀਪ ਸਿੰਘ ਕੋਟਲਾ ਬਥੂੰਨਗੜ , ਵੀਰ ਸਿੰਘ ਡਿਪੂ ਹੋਹਡਰ, ਰਛਪਾਲ ਸਿੰਘ , ਗੁਰਦੇਵ ਸਿੰਘ ਮੈਂਬਰ, ਮਾਸਟਰ ਜਰਨੈਲ ਸਿੰਘ, ਮਾਸਟਰ ਸੂਬਾ ਸਿੰਘ, ਸਰਬਜੀਤ ਸਿੰਘ, ਬਚਨ ਸਿੰਘ, ਹਰਵਿੰਦਰ ਸਿੰਘ, ਅਮਨਦੀਪ ਸਿੰਘ, ਸੁਖਜਿੰਦਰ ਸਿੰਘ, ਸੱਜਣ ਸਿੰਘ, ਪ੍ਰੀਤਮ ਸਿੰਘ, ਮਲਕੀਤ ਸਿੰਘ, ਅਮਰ ਸਿੰਘ, ਬੱਬੂ ਮਾਸਟਰ ਹਾਜਰ ਸਨ !

# ਭਾਈ ਮਨੀ ਸਿੰਘ ਟਕਸਾਲ ਦੇ ਮੁਖੀ ਬਾਬਾ ਅਮਨਦੀਪ ਸਿੰਘ ਦੀ ਅਗਵਾਈ ਹੇਠ ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ ਵੱਲੋਂ ਅੱਖਾਂ ਦਾ ਮੁ.ਫਤ ਲੈਂਜ਼ ਉਪਰੇਸ਼ਨ ਕੈਂਪ ਅਤੇ ਹਰਿਆਵਲ ਮੰਚ ਵੱਲੋਂ ਬੂਟਿਆਂ ਦਾ ਲੰਗਰ: ਰਜਿੰਦਰ ਸਿੰਘ ਮਰਵਾਹਾ



ਚੌਕ ਮਹਿਤਾ, 30 ਜੁਲਾਈ(ਬਾਬਾ ਸੁਖਵੰਤ ਸਿੰਘ ਚੰਨਣਕੇ )ਭਾਈ ਮਨੀ ਸਿੰਘ ਟਕਸਾਲ, ਗਲ਼ੀ ਸੱਤੋਵਾਲੀ, ਅੰਦਰੂਨ ਭਗਤਾਂ ਵਾਲਾ ਗੇਟ ਅੰਮ੍ਰਿਤਸਰ ਦੇ ਮੁਖੀ ਮਹਾਂਪੁਰਖ ਬਾਬਾ ਅਮਨਦੀਪ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ, ਅੰਮ੍ਰਿਤਸਰ ਦੇ ਆਗੂਆਂ ਵੱਲੋਂ ਅੱਜ ਅੱਖਾਂ ਦੇ ਲੈਂਜ਼ ਉਪਰੇਸ਼ਨ ਕਰਨ ਲਈ ਮੁ.ਫਤ ਕੈਂਪ ਲਗਾਇਆ ਗਿਆ, ਜਿਸ ਵਿੱਚ ਤਕਰੀਬਨ ਪੰਜਾਹ ਲੋੜਵੰਦ ਮਰੀਜ਼ਾਂ ਦੀ ਰਜਿਸਟਰੇਸ਼ਨ ਕੀਤੀ ਗਈ। ਭਾਈ ਮਨੀ ਸਿੰਘ ਟਕਸਾਲ ਦੇ ਮੁਖੀ ਬਾਬਾ ਅਮਨਦੀਪ ਸਿੰਘ ਜੀ ਅਤੇ ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ ਦੇ ਆਗੂ ਸਾਹਿਬਾਨ ਦੇ ਸੁਹਿਰਦ ਅਤੇ ਮਾਨਵੀ ਉਪਰਾਲੇ ਦੇ ਫਲਸਰੂਪ ਲੋੜਵੰਦ ਮਰੀਜ਼ਾਂ ਦੀ ਰਜਿਸਟਰੇਸ਼ਨ ਕਰਨ ਸਮੇਂ, ਮਰੀਜ਼ਾਂ ਦੀ ਸਹੂਲਤ ਲਈ ਬੈਠਣ ਪੀਣ ਵਾਲੇ ਸੀਤਲ ਜਲ ਦੇ ਯੋਗ ਪ੍ਰਬੰਧ ਕੀਤੇ ਗਏ। ਅੱਖਾਂ ਦੇ ਮੁ.ਫਤ ਲੈਂਜ਼ ਉਪਰੇਸ਼ਨ ਦੀ ਰਜਿਸਟਰੇਸ਼ਨ ਲਈ ਢੁਕਵੇਂ ਪ੍ਰਬੰਧ ਕਰਨ ਵਾਲਿਆਂ ਵਿੱਚ ਸਨਮਾਨ ਯੋਗ ਬਾਬਾ ਅਮਨਦੀਪ ਸਿੰਘ ਜੀ, ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ ਪੰਜਾਬ ਦੇ ਚੇਅਰਮੈਨ ਸ੍ਰ. ਰਜਿੰਦਰ ਸਿੰਘ ਮਰਵਾਹਾ, ਮੇਅਰ ਨਗਰ ਨਿਗਮ ਅੰਮ੍ਰਿਤਸਰ ਸ੍ਰ. ਜਤਿੰਦਰ ਸਿੰਘ ਮੋਤੀ ਭਾਟੀਆ, ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ ਮਾਝਾ ਜੋਨ ਦੇ ਚੇਅਰਮੈਨ ਸ੍ਰੀਮਤੀ ਹਰਪਿੰਦਰ ਕੌਰ ਮੁਕੇਰੀਆਂ, ਵਿਸ਼ਵ ਸਿੱਖ ਚੈਂਬਰ ਆ.ਫ ਕਾਮਰਸ ਅੰਮ੍ਰਿਤਸਰ ਦੇ ਚੇਅਰਮੈਨ ਸ੍ਰ. ਹਰਪ੍ਰੀਤ ਸਿੰਘ ਭਾਟੀਆ, ਵਾਤਾਵਰਣ ਡਾਇਰੈਕਟਰ ਇੰਜ. ਦਲਜੀਤ ਸਿੰਘ ਕੋਹਲੀ, ਖ਼ਜ਼ਾਨਚੀ ਸ੍ਰ.ਜਤਿੰਦਰ ਪਾਲ ਸਿੰਘ ਬੌਬੀ ਬਾਦਸ਼ਾਹ, ਸਿਹਤ ਡਾਇਰੈਕਟਰ ਡਾ. ਅਮਰਜੀਤ ਸਿੰਘ ਸਚਦੇਵਾ, ਸ੍ਰ. ਕੁਲਵਿੰਦਰ ਸਿੰਘ ਮਰਵਾਹਾ, ਸ੍ਰ. ਸਰਬਰਿੰਦਰ ਸਿੰਘ ਸੋਨੂੰ ਸੁਲਤਾਨਵਿੰਡ, ਸ੍ਰ. ਮਨਪ੍ਰੀਤ ਸਿੰਘ ਭਾਟੀਆ, ਸ੍ਰੀਮਤੀ ਵਰਦੀਪ ਕੌਰ ਸਿੱਧੂ, ਸ੍ਰੀਮਤੀ ਮਨਵੀਨ ਕੌਰ, ਸ੍ਰੀਮਤੀ ਮਨਦੀਪ ਕੌਰ, ਸ੍ਰੀਮਤੀ ਰੇਨੂੰ, ਐਡਵੋਕੇਟ ਟੀ.ਐੱਸ. ਤੇਗ., ਸ੍ਰ.ਸੁਖਦੀਪ ਸਿੰਘ, ਕੈਪਟਨ ਪ੍ਰਤਾਪ ਸਿੰਘ, ਸ੍ਰ.ਨਵਤੇਜ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ। ਡਾਇਰੈਕਟਰ ਵਾਤਾਵਰਨ ਇੰਜ. ਦਲਜੀਤ ਸਿੰਘ ਕੋਹਲੀ ਵੱਲੋਂ ਬੂਟਿਆਂ ਦਾ ਲੰਗਰ ਲਗਾਇਆ ਗਿਆ, ਜਿਸ ਪ੍ਰਤੀ ਸੰਗਤਾਂ ਨੇ ਉਤਸ਼ਾਹ ਪ੍ਰਗਟ ਕੀਤਾ।

# ਤਲਵਾੜਾ 'ਚ ਪੰਜਾਬ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ, ਛੋਟੇ ਸ਼ਹਿਰਾਂ ਤੇ ਕਸਬਿਆਂ 'ਚ ਬਜ਼ਾਰ ਖੁੱਲ੍ਹੇ ਰਹੇ

**ਤਲਵਾੜਾ, ਹੁਸ਼ਿਆਰਪੁਰ, 30 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਰਨਾਲਾ 'ਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਪੁਲੀਸ ਵੱਲੋਂ ਬੇਰਹਿਮੀ ਨਾਲ ਕੀਤੀ ਕੁੱਟਮਾਰ ਦੇ ਵਿਰੋਧ 'ਚ ਦਿੱਤੇ ਪੰਜਾਬ ਬੰਦ ਦੇ ਸੱਦੇ ਦਾ ਤਲਵਾੜਾ 'ਚ ਭਰਵਾਂ ਅਸਰ ਰਿਹਾ। ਸਥਾਨਕ ਨਗਰ ਕੌਂਸਲ ਦੇ ਠੇਕਾ/ਆਊਟਸੋਰਸ ਮੁਲਾਜ਼ਮਾਂ ਨੇ ਮੇਨ ਬਜ਼ਾਰ 'ਚ ਰੋਸ ਮਾਰਚ ਕੱਢਿਆ। ਸ਼ਹਿਰ ਦੇ ਬਜ਼ਾਰ ਬਾਅਦ ਦੁਪਹਿਰ 4 ਵਜੇ ਤੱਕ ਬੰਦ ਰਹੇ। ਬਸਾਂ ਦੀ ਇੱਕ ਦੁੱਕਾ ਆਵਾਜਾਈ ਰਹੀ। ਪੰਜਾਬ ਨਗਰ ਪਾਲਿਕਾ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਸਥਾਨਕ ਇਕਾਈ ਪ੍ਰਧਾਨ ਵਿਪਨ ਕੁਮਾਰ, ਡਰਾਇਵਰ ਯੂਨੀਅਨ ਦੇ ਪ੍ਰਧਾਨ ਦਲੀਪ ਕੁਮਾਰ ਤੇ ਸਕੱਤਰ ਵਰੁਣ ਕੁਮਾਰ ਦੀ ਅਗਵਾਈ ਹੇਠ ਸਥਾਨਕ ਨਗਰ ਕੌਂਸਲ ਮੁਲਾਜ਼ਮਾਂ ਨੇ ਪੰਜਾਬ ਬੰਦ ਦੇ ਮੱਦੇਨਜ਼ਰ ਸ਼ਹਿਰ 'ਚ ਮਾਰਚ ਕੱਢਿਆ। ਪੰਜਾਬ ਬੰਦ ਨੂੰ ਭਰਾਤਰੀ ਜਥੇਬੰਦੀਆਂ ਸਮੇਤ ਬਸਪਾ, ਭਾਜਪਾ, ਲੋਕ ਜਨ ਸ਼ਕਤੀ ਪਾਰਟੀ ਪਾਸਵਾਨ ਅਤੇ ਕਾਂਗਰਸ ਪਾਰਟੀ ਨੇ ਵੀ ਸਮਰਥਨ ਦਿੱਤਾ। ਪੰਜਾਬ ਵਾਲੀਮਿਕ ਸਭਾ ਦੇ ਆਗੂ ਜਰਨੈਲ ਸਿੰਘ, ਬੀਬੀਐਮਬੀ ਸਫਾਈ ਕਰਮਚਾਰੀ ਯੂਨੀਅਨ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੱਧੂ, ਜਨਤਕ ਜਥੇਬੰਦੀਆਂ ਦੇ ਸਾਂਝਾ ਮੋਰਚਾ (ਜੇਪੀਐਮਓ) ਤੋਂ ਦੀਪਕ ਤਲਵਾੜਾ, ਬਸਪਾ ਤੋਂ ਬੰਟੀ ਬਾਜ਼, ਲੋਕ ਜਨ ਸ਼ਕਤੀ ਪਾਰਟੀ ਪਾਸਵਾਨ ਤੋਂ ਰਾਜੀਵ ਕੁਮਾਰ ਅਤੇ ਭਾਜਪਾ ਤੋਂ ਵਿਨੋਦ ਮਿੱਠੂ ਨੇ ਬਰਨਾਲਾ ਲਾਠੀਚਾਰਜ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਪਹਿਲ ਦੇ ਆਧਾਰ 'ਤੇ ਮੰਨਣ ਦੋਸ਼ੀ ਪੁਲੀਸ ਮੁਲਾਜ਼ਮਾਂ ਅਧਿਕਾਰੀਆਂ ਖ਼ਿਲਾਫ਼ ਬਣਦੀ ਸਖ਼ਤ ਕਾਰਵਾਈ ਦੀ ਮੰਗ ਕੀਤੀ। ਲਾਠੀਚਾਰਜ਼ 'ਚ ਜ਼ਖ਼ਮੀ ਮਹਿਲਾਵਾਂ ਦੇ ਮੁਫ਼ਤ ਇਲਾਜ ਅਤੇ ਬਣਦਾ ਯੋਗ ਮੁਆਵਜਾ ਦੇਣ ਦੀ ਮੰਗ ਵੀ ਕੀਤੀ। ਇਸ ਮੌਕੇ ਪ੍ਰਧਾਨ ਵਿਪਨ ਕੁਮਾਰ ਨੇ 'ਪੰਜਾਬ ਬੰਦ' ਦੇ ਸੱਦੇ ਨੂੰ ਸਫ਼ਲ ਕਰਨ 'ਚ ਸਹਿਯੋਗ ਦੇਣ ਲਈ ਸ਼ਹਿਰ ਵਾਸੀਆਂ ਦਾ ਧਨਵਾਦ ਕੀਤਾ। 'ਪੰਜਾਬ ਬੰਦ' ਦਾ ਕਸਬਾ ਕਮਾਹੀ ਦੇਵੀ, ਦਾਤਾਰਪੁਰ, ਅੱਡਾ ਝੀਰ ਦਾ ਖੂਹ, ਰਾਮ ਗੜ੍ਹ ਸੀਕਰੀ ਆਦਿ ਛੋਟੇ ਕਸਬਿਆਂ 'ਚ ਬੰਦ ਕੋਈ ਅਸਰ ਨਹੀਂ ਸੀ।